ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

ਲੋਕ ਬਾਣੀ

ਐਤਵਾਰ, 01 ਮਈ 2022

dailylokbani

Email : lokbani08@gmail.com



# 1 ਮਈ ਮਜ਼ਦੂਰ ਦਿਵਸ ’ਤੇ ਵਿਸ਼ੇਸ਼

ਮਜਦੂਰ ਵਿਦਸ ਦੇ ਸਬੰਧ ਵਿੱਚ ਫੈਕਟਰੀ ਦੇ ਮਾਲਕ ਵੱਲੋਂ ਆਪਣੇ ਮੈਨੇਜਰ ਨਾਲ ਸਲਾਹ ਕਰਕੇ ਕਈ ਦਿਨ ਪਹਿਲਾਂ ਤੋਂ ਹੀ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਮਹਾਨ ਸ਼ਖਸਿਅਤਾਂ ਨੂੰ ਇਸ ਕੀਤੇ ਜਾ ਰਹੇ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਸੱਦਾ ਪੱਤਰ ਵੀ ਭੇਜਣੇ ਸ਼ੁਰੂ ਕਰ ਦਿੱਤੇ ਸਨ. ਉਸ ਨੇ ਮੈਨੇਜਰ ਨੂੰ ਕਿਹਾ ਕਿ ਆਏ ਮਹਿਮਾਨਾਂ ਦਾ ਖਾਸ ਖਿਆਲ ਰੱਖਣਾ ਕਿਉਂ ਕਿ ਆਪਾਂ ਇਨ੍ਹਾਂ ਤੋਂ ਕਈ ਤਰ੍ਹਾਂ ਦੀਆਂ ਕਾਰੋਬਾਰੀ ਸਹੂਲਤਾਂ ਵੀ ਲੈਣੀਆਂ ਹਨ, ਜਿਨ੍ਹਾਂ ਨਾਲ ਆਪਣੇ ਵਾਪਾਰ ਨੂੰ ਹੋਰ ਲਾਭ ਹੋ ਸਕੇ ਇਸ ਲਈ ਕੋਈ ਵੀ ਨਾਖੁਸ਼ ਹੋ ਕੇ ਨਾ ਜਾਵੇ ਇਸ ਗੱਲ ਦਾ ਖਾਸ ਖਿਆਲ ਰੱਖਣਾ.

1 ਮਈ ਭਾਵ ਮਜਦੂਰ ਦਿਵਸ ਦੇ ਪ੍ਰੋਗਰਾਮ ਤੇ ਬੁਲਾਏ ਗਏ ਤਕਰੀਬਨ ਸਾਰੇ ਹੀ ਮੁੱਖ ਮਹਿਮਾਨ ਆਉਣ ਲੱਗੇ ਅਤੇ ਮਜਦੂਰਾਂ ਨੂੰ ਵੀ ਇੱਕਠੇ ਕਰਕੇ ਬਿਠਾ ਲਿਆ ਗਿਆ ਮੇਰੇ ਪਿਤਾ ਜੀ ਜ਼ੋ ਕਿ ਇਸੇ ਹੀ ਫੈਕਟਰੀ ਵਿੱਚ ਕੰਮ ਕਰਦੇ ਸਨ ਤੇ ਮੈਨੂੰ ਵੀ ਕਈ ਦਿਨਾਂ ਦਾ ਕਿਹਾ ਸੀ ਕਿ ਸਾਡੇ ਕਾਰਖਾਨੇਦਾਰ ਵੱਲੋਂ ਇੱਕ ਪ੍ਰੋਗਰਾਮ ਕਰਵਾਇਆ ਜਾਣਾ ਹੈ ਤੇ ਬੇਟਾ ਤੂੰ ਵੀ ਮੇਰੇ ਨਾਲ ਚੱਲ ਪਈਂ. ਇਸ ਲਈ ਮੈਨੂੰ ਵੀ ਇਸ ਪ੍ਰੋਗਰਾਮ ਵਿੱਚ ਜਾਣ ਦਾ ਮੌਕਾ ਮਿਲਿਆ ਸੀ . ਇਸ ਸਮਾਗਮ ਵਿੱਚ ਸਾਰੇ ਹੀ ਆਪਣੇ ਆਪਣੇ ਵਿਚਾਰ ਰੱਖਣ ਲੱਗੇ ਜੋ ਸਟੇਜ਼ ਸੰਚਾਲਕ ਦੀ ਭੂਮਿਕਾ ਨਿਭਾ ਰਿਹਾ ਸੀ ਉਸ ਵੱਲੋਂ ਇਸ ਦਿਨ ਦੇ ਇਤਿਹਾਸ ਬਾਰੇ ਜਾਣੂ ਕਰਵਾਉਂਦੇ ਨੇ ਕਿਹਾ:

" ਅੰਤਰ ਰਾਸ਼ਟਰੀ ਮਜਦੂਰ ਦਿਵਸ ਪੂਰੇ ਵਿਸ਼ਵ ਵਿੱਚ 1 ਮਈ ਨੂੰ ਹਰ ਸਾਲ ਮਨਾਇਆ ਜਾਂਦਾ ਹੈ. ਹਰੇਕ ਦੇਸ਼ ਦੀ ਤਰੱਕੀ ਅਤੇ ਉਨੱਤੀ ਉਸ ਦੇਸ ਦੇ ਕਿਸਾਨਾ, ਮਜਦੂਰਾਂ ਅਤੇ ਕਾਰੀਗਰਾਂ ਤੇ ਹੀ ਨਿਰਭਰ ਹੁੰਦੀ ਹੈ. ਜਿਸ ਤਰ੍ਹਾਂ ਇਕ ਮਕਾਨ ਦੀ ਉਸਾਰੀ ਕਰਨ ਅਤੇ ਸਹਾਰਾ ਦੇਣ ਦੇ ਲਈ ਜਿਵੇਂ ਮਜਬੂਤ ਨੀਂਹ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ. ਉਸੇ ਤਰ੍ਹਾਂ ਹੀ ਸਮਾਜ, ਦੇਸ਼, ਵਪਾਰਿਕ ਅਦਾਰਿਆਂ ਅਤੇ ਹੋਰ ਸੰਸਥਾਵਾਂ, ਸ਼ਹਿਰੀ ਨਿਰਮਾਣ ਨੂੰ ਤਿਆਰ ਕਰਨ ਦੇ ਲਈ ਮਜਦੂਰਾਂ, ਕਾਰੀਗਰਾਂ ਅਤੇ ਕਰਮਚਾਰੀਆਂ ਦਾ ਵਿਸ਼ੇਸ ਯੋਗਦਾਨ ਹੁੰਦਾ ਹੈ.

ਇਸ ਤੋਂ ਅੱਗੇ ਬੋਲਦੇ ਹੋਏ ਉਨ੍ਹਾਂ ਨੇ ਆਖਿਆ:

ਮਜਦੂਰ ਦਿਵਸ ਇੱਕ ਪ੍ਰਚਲਿਤ ਉਤਸਵ ਦਿਵਸ ਦੱਸਿਆ ਜਾਂਦਾ ਹੈ ਕਿ ਇਹ ਦਿਨ ਉਨ੍ਹਾਂ ਮਜਦੂਰਾਂ ਨੂੰ ਸਮਰਪਿੱਤ ਹੈ ਜ਼ੋ ਆਪਣਾ ਖੂਨ ਪਸੀਨਾ ਬਹਾ ਕੇ ਵੱਧ ਤੋਂ ਵੱਧ ਮਿਹਨਤ ਕਰ ਕੇ ਦੁਨੀਆ ਦੇ ਵੱਖ:-ਵੱਖ ਹਿੱਸਿਆਂ ਵਿੱਚ ਦਿਨ ਰਾਤ ਕੰਮ ਕਰਕੇ ਉਸ ਦੇਸ਼ ਦੀ ਪ੍ਰਗਤੀ ਭਾਵ ਉਨੱਤੀ ਵਿੱਚ ਆਪਣਾ ਅਣਮੁਲਾ ਯੋਗਦਾਨ ਪਾਉਂਦੇ ਹਨ. ਇਤਿਹਾਸ ਦੇ ਪੰਨਿਆ ਤੇ ਮਜਦੂਰ ਦਿਵਸ ਮਨਾਉਣ ਦੀ ਪ੍ਰਥਾ ਸ਼ੁਰੂ ਹੋਣ ਦੇ ਕਾਰਣਾ ਸਬੰਧੀ ਜਾਣਕਾਰੀ ਮਿਲਦੀ ਹੈ. ਜਿਵੇਂ ਕਿ ਸਾਲ 1886 ਵਿੱਚ 4 ਮਈ ਦੇ ਦਿਨ ਸ਼ਿਕਾਗੋ ਸ਼ਹਿਰ ਦੇ ਹੇਮਾਕਰੇਟ ਚੌਂਕ ਤੇ ਮਜਦੂਰਾਂ ਦਾ ਇੱਕਠ ਹੋਇਆ ਸੀ . ਮਜਦੂਰਾਂ ਨੇ ਉਸ ਸਮੇਂ ਹੜਤਾਲ ਕੀਤੀ ਹੋਈ ਸੀ. ਹੜਤਾਲ ਦਾ ਮੁੱਖ ਕਾਰਣ ਮਜਦੂਰਾਂ ਤੋਂ ਬੇਹਿਸਾਬ ਕੰਮ ਕਰਵਾਉਣਾ ਸੀ. ਮਜ਼ਦੂਰ ਚਾਹੁੰਦੇ ਸਨ ਕਿ ਉਨ੍ਹਾਂ ਤੋਂ ਦਿਨ ਵਿੱਚ ਅੱਠ ਘੰਟੇ ਤੋਂ ਜਿਆਦਾ ਕੰਮ ਨਾ ਕਰਵਾਇਆ ਜਾਵੇ ਕਿਉਂਕਿ ਮੌਕੇ ਤੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਜਾਵੇ ਇਸ ਲਈ ਉੱਥੇ ਸਥਾਨਿਕ ਪੁਲਿਸ ਵੀ ਮੌਜੂਦ ਸੀ. ਉਸ ਵੇਲੇ ਅਚਾਨਕ ਕਿਸੇ ਅਗਿਆਤ ਵਿਅਕਤੀ ਵਲੋਂ ਭੀੜ ਤੇ ਇੱਕ ਬੰਬ ਸੁੱਟ ਦਿੱਤਾ. ਇਸ ਘਟਨਾ ਨਾਲ ਉੱਥੇ ਸ਼ਿਕਾਗੋ ਦੀ ਮੌਜੂਦਾ ਪੁਲਿਸ ਨੇ ਮਜਦੂਰਾਂ ਦੀ ਭੀੜ ਨੂੰ ਤਿੱਤਰ:-ਬਿੱਤਰ ਕਰਨ ਦੇ ਲਈ ਕਾਰਵਾਈ ਕੀਤੀ ਤੇ ਭੀੜ ਤੇ ਫਾਇਰਿੰਗ ਸ਼ੁਰੂ ਕਰ ਦਿੱਤੀ. ਇਸ ਘਟਨਾ ਵਿੱਚ ਕੁੱਝ ਪ੍ਰਦਸ਼ਨਕਾਰੀ ਮਜਦੂਰਾਂ ਦੀ ਮੌਤ ਹੋ ਗਈ. ਮਜਦੂਰ ਵਰਗ ਦੀ ਇਸ ਜੁੜੀ ਸਮੱਸਿਆ ਨੇ ਪੂਰੀ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਸੀ.

ਇਸ ਤੋਂ ਬਾਅਦ 1889 ਵਿੱਚ ਅੰਤਰ ਰਾਸ਼ਟਰੀ ਸਮਾਜਵਾਦੀ ਸੰਮਲੇਨ ਵਿੱਚ ਐਲਾਨ ਕੀਤਾ ਗਿਆ ਕਿ ਹੇਮਾਕਰੇਟ ਨਰਸਿੰਘਾਰ ਵਿੱਚ ਮਾਰੇ ਗਏ ਨਿਰਦੋਸ਼ ਲੋਕਾ ਦੀ ਯਾਦ ਵਿੱਚ 1 ਮਈ ਨੂੰ ਅੰਤਰਰਾਸ਼ਟਰੀ ਮਜਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇਗਾ ਤੇ ਇਸ ਦਿਨ ਸਾਰੇ ਮਜ਼ਦੂਰ ਤੇ ਕਾਰੀਗਰਾਂ ਨੂੰ ਛੁੱਟੀ ਵੀ ਹੋਇਆ ਕਰੇਗੀ.

ਉਸ ਸਮੇਂ ਮਜਦੂਰ ਤੇ ਕਾਰੀਗਰ ਵਰਗ ਦੀ ਸਥਿਤੀ ਬਹੁਤ ਹੀ ਤਰਸਯੋਗ ਸੀ ਮਜਦੂਰਾਂ ਤੋਂ ਦਿਨ ਵਿੱਚ ਦੱਸ ਤੋਂ ਪੰਦਰਾਂ ਘੰਟ ਕੰਮ ਕਰਵਾਇਆ ਜਾਂਦਾ ਸੀ ਕੰਮ ਵਾਲੇ ਸਥਾਨ ਇੰਨੇ ਯੋਗ ਨਹੀਂ ਸਨ ਕਿਉਂਕਿ ਉੱਥੇ ਆਏ ਦਿਨ ਹੀ ਕੰਮ ਕਰਨ ਵਾਲੇ ਮਜਦੂਰਾਂ ਦੀ ਬਿਨਾਂ ਵਜ੍ਹਾ ਹੀ ਮੌਤ ਦੀ ਘਟਨਾ ਹੁੰਦੀ ਰਹਿੰਦੀ ਸੀ. ਇਨ੍ਹਾਂ ਸਥਿਤੀਆਂ ਦੇ ਚਲਦੇ ਅਮਰੀਕਾ ਵਿੱਚ ਕੁੱਝ ਮਜਦੂਰ ਸਮੱਸਿਆ ਨਿਵਾਰਨ ਸੰਘ ਅਤੇ ਸਮਾਜਵਾਦੀ ਸੰਘ ਦੁਆਰਾ ਮਜਦੂਰਾਂ ਦੇ ਕਲਿਆਣ ਦੇ ਲਈ ਅਵਾਜ਼ ਉਠਾਈ ਜਾਣ ਲੱਗੀ.

ਸਾਲ 1884 ਵਿੱਚ ਸ਼ਿਕਾਗੋ ਸ਼ਹਿਰ ਦੇ ਰਾਸ਼ਟਰੀ ਸੰਮੇਲਨ ਵਿੱਚ ਮਜ਼ਦੂਰ ਅਤੇ ਕਾਰੀਗਰ ਵਰਗ ਦੇ ਲਈ ਪ੍ਰਤੀ ਦਿਨ 8 ਘੰਟੇ ਕੰਮ ਕਰਨ ਦਾ ਕਾਨੂੰਨੀ ਸਮਾਂ ਨਿਸ਼ਚਿਤ ਕਰ ਦਿੱਤਾ ਗਿਆ ਇਹ ਇੱਕ ਇਤਿਹਾਸਕ ਫੈਸਲਾ ਸੀ.

ਇਸ ਦੇ ਨਾਲ ਹੀ ਸੰਨ 1923 ਵਿੱਚ ਭਾਰਤ ਵਿੱਚ ਚਨਈ ਵਿਖੇ ਪਹਿਲੀ ਬਾਰ ਮਈ ਦਿਵਸ ਭਾਵ ਮਜਦੂਰ ਦਿਵਸ ਮਨਾਇਆ ਗਿਆ ਸੀ.

ਇਸ ਦਿਨ ਵੱਖ:-ਵੱਖ ਸੰਗਠਨਾਂ ਅਤੇ ਯੂਨੀਅਨਾਂ ਵੱਲੋਂ ਇਹ ਦਿਵਸ ਮਨਾਇਆ ਜਾਂਦਾ ਹੈ ਅਤੇ ਨਾਲ ਹੀ ਇਸ ਦਿਨ ਮਜਦੂਰਾਂ ਨੂੰ ਕੱਪੜੇ, ਮਿਠਾਈਆਂ, ਰਾਸ਼ਨ ਅਤੇ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਸਬੰਧੀ ਉਪਰਾਲੇ ਕੀਤੇ ਜਾਂਦੇ ਹਨ. ਇਸ ਦਿਨ ਦੀ ਜਾਗ੍ਰਤੀ ਸਬੰਧੀ ਰੇਡੀਓ, ਟੀ.ਵੀ. ਤੇ ਵੀ ਪ੍ਰਸਾਰਣ ਕਰਕੇ ਲੋਕਾਂ ਵਿੱਚ ਵੱਧ ਤੋਂ ਵੱਧ ਜਾਣਕਾਰੀ ਦਿੱਤੀ ਜਾਂਦੀ ਹੈ. ਇਸ ਨਾਲ ਮਜਦੂਰਾਂ ਦੀ ਸਮੱਸਿਆਵਾਂ ਦਾ ਹੱਲ ਵੀ ਕੀਤਾ ਜਾਂਦਾ ਹੈ.

ਇਹ ਸਭ ਆਖਦੇ ਹੋਏ ਕਿਹਾ ਗਿਆ ਕਿ ਇਸ ਜੇਕਰ ਇਸ ਦਿਨ ਦੀ ਸ਼ੁਰੂਆਤ ਨਾ ਹੁੰਦੀ ਤਾਂ ਅੱਜ ਤੱਕ ਵੀ ਮਜਦੂਰਾਂ ਅਤੇ ਕਾਰੀਗਰਾਂ ਦੇ ਕੰਮ ਦਾ ਸਮਾਂ ਨਿਸ਼ਚਿਤ ਨਹੀਂ ਹੋਣਾ ਸੀ ਤੇ ਸੱਤੇ ਦਿਨ ਹੀ ਕੰਮ ਕਰਨਾ ਪੈਣਾ ਸੀ ਅਤੇ ਨਾ ਹੀ ਬਾਲ ਮਜਦੂਰੀ ਰੁਕਣੀ ਸੀ. ਇਸ ਲਈ ਇਸ ਦਿਨ ਦਾ ਸਾਰੇ ਮਜਦੂਰ ਅਤੇ ਕਾਰੀਗਰ ਵਰਗ ਨੂੰ ਕਾਫ਼ੀ ਲਾਭ ਹੋਇਆ ਜਿਸ ਨਾਲ ਆਪਣੇ ਹੱਕਾਂ ਪ੍ਰਤੀ ਉਹ ਜਾਗਰੂਕ ਹੋਏ ਅਤੇ ਅੱਜ ਪੂਰੀ ਮਿਹਨਤ ਅਤੇ ਅਜ਼ਾਦੀ ਨਾਲ ਕੰਮ ਕਰਨ ਲਈ ਸਮਰੱਥ ਹਨ" .

ਇਸ ਤੋਂ ਬਾਅਦ ਮੰਚ ਸੰਚਾਲਕ ਨੇ ਮੁੱਖ ਮਹਿਮਾਨ ਨੂੰ ਸਟੇਜ ਤੇ ਬੁਲਾਇਆ ਤੇ ਉਨ੍ਹਾਂ ਵੱਲੋਂ ਪ੍ਰੋਗਾਰਮ ਦੀ ਸਿਫ਼ਤ ਕਰਦਿਆਂ ਫੈਕਟਰੀ ਦੇ ਮਾਲਕ ਨੂੰ ਨਵੀਂ ਮਸ਼ੀਨਰੀ ਦੀ ਖਰੀਦਣ ਅਤੇ ਵਾਪਾਰਿਕ ਉੱਨਤੀ ਲਈ ਕੁੱਝ ਗ੍ਰਾਂਟ ਦਿੱਤੀ ਅਤੇ ਨਾਲ ਹੀ ਮਜੂਦਰਾਂ ਦੀ ਭਲਾਈ ਲਈ ਕੁੱਝ ਮਾਲੀ ਸਹਾਇਤਾ ਅਤੇ ਹੋਰ ਸਹੂਲਤਾਂ ਦਾ ਐਲਾਨ ਕਰ ਕੇ ਚਲੇ ਗਏ.

ਇਸ ਸਭ ਕੁੱਝ ਸੁਣ ਕੇ ਮਾਲਕ ਅਤੇ ਮੈਨੇਜਰ ਦੇ ਚਿਹਰੇ ਤੇ ਕਾਫ਼ੀ ਖੁਸ਼ੀ ਝੱਲਕ ਰਹੀ ਸੀ. ਉਨ੍ਹਾਂ ਦੇ ਜਾਣ ਉਪਰੰਤ ਹੀ ਫੈਕਟਰੀ ਮਾਲਕ ਨੇ ਸਾਰੀ ਲੇਬਰ ਨੂੰ ਕਿਹਾ "ਅੱਜ ਸਵੇਰ ਦੇ ਦੋ ਤਿੰਨ ਘੰਟੇ ਲੱਗ ਗਏ ਇਸ ਲਈ ਜਲਦੀ ਤੋਂ ਜਲਦੀ ਮਾਲ ਤਿਆਰ ਕਰ ਲਵੋ ਕਿਉਂਕਿ ਅੱਜ ਹੀ ਇਸ ਮਾਲ ਦੀ ਸਪਲਾਈ ਕਰਨੀ ਹੈ" ਤਾਂ ਵਿਚੋਂ ਕਿਸੇ ਨੇ ਕਿਹਾ "ਅੱਜ ਤਾਂ ਛੁੱਟੀ ਦਾ ਐਲਾਨ ਕੀਤਾ ਸੀ ਬਾਬੂ ਜੀ" ਅੱਗੋਂ ਬਾਬੂ ਨੇ ਕਿਹਾ "ਜੇਕਰ ਕੰਮ ਸਮੇਂ ਸਿਰ ਪੂਰਾ ਨਾ ਕੀਤਾ ਤਾਂ ਤੁਹਾਡੀ ਦਿਹਾੜੀ ਕੱਟ ਲਵਾਂਗਾ" ਇਹ ਸੁਣ ਕੇ ਸਾਰੇ ਕੰਮ ਤੇ ਜਾ ਲੱਗੇ ਤੇ ਮੈਂ ਆਪਣੇ ਬਾਪ ਵੱਲ ਵੇਖਣ ਲੱਗਾ ਜ਼ੋ ਮੈਨੂੰ ਅੱਜ ਦਾ ਪ੍ਰੋਗਰਾਮ ਦਿਖਾਉਣ ਲਈ ਨਾਲ ਲੈ ਕੇ ਆਇਆ ਸੀ . ਇਨ੍ਹੇ ਸੰਘਰਸ਼ ਤੋਂ ਬਾਅਦ ਵੀ ਇੱਕ ਮਜਦੂਰ ਨੂੰ ਦੱਬ ਦੇ ਰੱਖਣ ਦੀ ਪ੍ਰਥਾ ਹਾਲੇ ਤੱਕ ਵੀ ਨਹੀਂ ਰੁੱਕੀ ਗਈ ਲਗਦੀ ਸੀ.

ਮੇਰੇ ਪਿਤਾ ਜੀ ਅਕਸਰ ਕਹਿੰਦੇ ਸਨ ਕਿ ਮਜਦੂਰ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਉਸ ਦੀ ਮਜਦੂਰੀ ਦੇ ਦਿੱਤੀ ਜਾਣੀ ਚਾਹੀਦੀ ਹੈ ਤਾਂ ਹੀ ਉਸ ਨੂੰ ਅਸਲ ਖੁੱਸ਼ੀ ਹੁੰਦੀ ਹੈ.

ਇਸ ਲਈ ਸਾਨੂੰ ਮਜ਼ਦੂਰਾਂ ਅਤੇ ਕਾਰੀਗਰਾਂ ਵੱਲੋਂ ਕੀਤੇ ਗਏ ਲੰਮੇ ਸੰਘਰਸ਼ ਦੀ ਕਰਦੇ ਕਰਦੇ ਹੋਏ ਇਨ੍ਹਾਂ ਨੂੰ ਪੂਰਾ ਮਿਹਨਤਾਨਾ ਖੁਸ਼ੀ ਨਾਲ ਦੇਣ ਚਾਹੀਦਾ ਹੈ ਅਤੇ ਨਾਲ ਹੀ ਬਣਦੇ ਹੱਕਾਂ ਦਾ ਵੀ ਧਿਆਨ ਰੱਖਦੇ ਹੋਏ ਸਮਾਜ ਦਾ ਸਿਰਜਣਾਤਮਕ ਅੰਗ ਸਮਝਣਾ ਚਾਹੀਦਾ ਹੈ।

ਵਿਨੋਦ ਫ਼ਕੀਰਾ,ਸਟੇਟ ਐਵਾਰਡੀ,
ਲੇਖਕ ਪੰਜਾਬੀ ਭਾਸ਼ਾ ਵਿਭਾਗ, ਪਟਿਆਲਾ, ਪੰਜਾਬ ਅਤੇ
ਲੇਖਕ ਪੰਜਾਬੀ ਸਾਹਿਤਕ ਅਕਦਮੀ, ਹਰਿਆਣਾ,ਪੰਚਕੂਲਾ,
ਵਿਨੋਦ ਕੁਮਾਰ ਵਾਲੀ ਗਲੀ. ਆਰੀਆ ਨਗਰ, ਕਰਤਾਰਪੁਰ, ਜਲੰਧਰ.
ਮੋ.098721 97326



## 1 ਮਈ ਮਜ਼ਦੂਰ ਦਿਵਸ ‘ਤੇ ਵਿਸ਼ੇਸ਼

ਅੰਤਰਰਾਸ਼ਟਰੀ ਮਜ਼ਦੂਰ ਦਿਵਸ 1 ਮਈ ਨੂੰ ਮਨਾਇਆ ਜਾਂਦਾ ਹੈ।ਇਹ ਮਈ ਦਿਵਸ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।ਇਹ ਮਜ਼ਦੂਰਾਂ ਲਈ ਬਹੁਤ ਖ਼ਾਸ ਦਿਨ ਹੁੰਦਾ ਹੈ। ਇਸ ਦਿਨ ਸਰਕਾਰੀ ਛੁੱਟੀ ਵੀ ਹੁੰਦੀ ਹੈ।ਭਾਰਤ ਵਿੱਚ ਇੱਕ ਮਈ ਦਾ ਦਿਹਾੜਾ ਸਭ ਤੋਂ ਪਹਿਲਾਂ ਚੇਨੱਈ ਵਿੱਚ 1 ਮਈ 1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ।ਫਿਰ ਇਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨ ਕਰ ਲਿਆ ਗਿਆ। ਪਹਿਲੀ ਵਾਰ ਲਾਲ ਝੰਡਾ ਵਰਤਿਆ ਗਿਆ ।ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਨੇਤਾ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਸ਼ੁਰੂ ਕੀਤੀ ਸੀ।ਭਾਰਤ ਵਿੱਚ ਮਦਰਾਸ ਦੇ ਹਾਈਕੋਰਟ ਸਾਹਮਣੇ ਇੱਕ ਵੱਡਾ



ਮੁਜਾਹਰਾ ਕਰ ਕੇ ਇੱਕ ਮਤਾ ਪਾਸ ਕਰ ਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਮਜਦੂਰ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ। ਭਾਰਤ ਸਮੇਤ ਲਗਪਗ 80 ਮੁਲਕਾਂ ਵਿੱਚ ਇਹ ਦਿਵਸ ਪਹਿਲੀ ਮਈ ਨੂੰ ਮਨਾਇਆ ਜਾਂਦਾ ਹੈ। ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ 1 ਮਈ 1886 ਤੋਂ ਮੰਨੀ ਜਾਂਦੀ ਹੈ।ਅਮਰੀਕਾ ਵਿੱਚ ਜਦੋਂ ਮਜ਼ਦੂਰ ਯੂਨੀਅਨਾਂ ਨੇ ਕੰਮ ਦਾ ਸਮਾਂ 8 ਘੰਟੇ ਤੋਂ ਵੱਧ ਨਾ ਰੱਖੇ ਜਾਣ ਲਈ ਤੇ

ਹਫਤੇ ਵਿੱਚ ਇੱਕ ਦਿਨ ਦੀ ਛੁੱਟੀ ਦੀ ਮੰਗ ਲਈ ਹੜਤਾਲ ਕੀਤੀ ਸੀ। ਇਸ ਹੜਤਾਲ ਦੌਰਾਨ ਸਿਕਾਗੋ ਦੀ ਹੇਅ ਮਾਰਕੀਟ ਵਿੱਚ ਬੰਬ ਧਮਾਕਾ ਹੋਇਆ ਸੀ।ਇਸਦਾ ਨਤੀਜਾ ਇਹ ਹੋਇਆ ਕਿ ਸਿੱਟੇ ਵਜੋਂ ਪੁਲਿਸ ਨੇ ਮਜਦੂਰਾਂ ਉੱਤੇ ਗੋਲੀ ਚਲਾ ਦਿੱਤੀ ਅਤੇ ਕਈ ਮਜਦੂਰ ਮਾਰ ਦਿੱਤੇ।ਇਸ ਘਟਨਾ ਤੋ ਬਾਅਦ ਅਮਰੀਕਾ ‘ਤੇ ਉਸ ਸਮੇਂ ਕੋਈ ਜਿਆਦਾ ਪ੍ਰਭਾਵ ਨਹੀਂ ਪਿਆ ਸੀ ਪਰ ਥੋੜ੍ਹੇ ਸਮੇਂ ਬਾਅਦ ਅਮਰੀਕਾ ਵਿੱਚ 8 ਘੰਟੇ ਕੰਮ ਕਰਨ ਦਾ ਸਮਾਂ ਨਿਸ਼ਚਿਤ ਕਰ ਦਿੱਤਾ ਗਿਆ ਸੀ।ਕਿਸੇ ਵੀ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਵਿੱਚ ਮਜ਼ਦੂਰਾਂ, ਕਾਮਿਆਂ ਅਤੇ ਮਿਹਨਤਕਸ਼ਾਂ ਦੀ ਮੁੱਖ ਭੂਮਿਕਾ ਹੁੰਦੀ ਹੈ ।ਉਹ ਪੂਰੀ ਮਿਹਨਤ ਨਾਲ ਤਨਦੇਹੀ ਨਾਲ ਕੰਮ ਕਰਦੇ ਹਨ।ਖੂਨ ਪਸੀਨਾ ਇੱਕ ਕਰਕੇ ਰੋਜੀ ਰੋਟੀ ਕਮਾਉਂਦੇ ਹਨ ।ਕਿਸੇ ਵੀ ਉਦਯੋਗ ਵਿੱਚ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਕਾਮਿਆਂ ਤੋਂ ਬਿਨਾਂ ਕੋਈ ਵੀ ਢਾਂਚਾ ਖੜਾ ਨਹੀਂ ਰਹਿ ਸਕਦਾ।ਕਾਮੇ ਤੋ ਬਿਨਾਂ ਕੋਈ ਵੀ ਮਹਿਲ ਨਹੀਂ ਉਸਾਰਿਆ ਜਾ ਸਕਦਾ ਚਾਹੇ ਉਹ ਪੱਥਰ ਦਾ ਹੋਵੇ ਚਾਹੇ ਮਿੱਟੀ ਦਾ ਹੋਵੇ ਚਾਹੇ ਕੱਚ ਦਾ ਚਾਹੇ ਰਬੜ ਦਾ ਹੋਵੇ।ਕਾਮੇ ਦੀ ਸਹਾਇਤਾ ਨਾਲ ਹੀ ਕੋਈ ਢਾਂਚਾ ਬਣ ਸਕਦਾ ਹੈ।ਵਰਤਮਾਨ ਸਮੇਂ ਭਾਰਤ ਅਤੇ ਹੋਰ ਮੁਲਕਾਂ ਵਿੱਚ ਮਜ਼ਦੂਰਾਂ ਦੇ 8 ਘੰਟੇ ਕੰਮ ਕਰਨ ਸੰਬੰਧੀ ਕਾਨੂੰਨ ਬਣਾ ਦਿੱਤੇ ਗਏ ਹਨ ਤੇ ਲਾਗੂ ਵੀ ਕੀਤੇ ਗਏ ਹਨ। 1919 ਵਿੱਚ ਅੰਤਰਰਾਸ਼ਟਰੀ ਮਜਦੂਰ ਸੰਗਠਨ ਹੋਂਦ ਵਿੱਚ ਆ ਗਿਆ ਸੀ ।ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਵੱਖ ਵੱਖ ਦੇਸ਼ਾਂ ਵਿੱਚ ਦਫਤਰ ਖੋਲੇ ਗਏ ਹਨ। ਅੰਤਰਰਾਸ਼ਟਰੀ ਮਜਦੂਰ ਸੰਗਠਨ ਵਲੋਂ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਸਮੇਂ ਸਮੇਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਇਸ ਲਈ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਮੰਨਿਆਂ ਜਾਂਦਾ ਹੈ ਕਿ ਭਾਰਤ ਵਿੱਚ 1991 ਤੋਂ ਬਾਅਦ ਦਾ ਸਮਾਂ ਕਿਰਤ ਸੁਧਾਰਾਂ ਦੇ ਸਮੇਂ ਵਜੋਂ ਜਾਣਿਆ ਗਿਆ ਹੈ। ਪਹਿਲਾ ਮਜ਼ਦੂਰਾਂ ਵਿੱਚ ਆਪਸੀ ਏਕਤਾ ਨਹੀਂ ਸੀ ।ਨਾ ਹੀ ਯੂਨੀਅਨ ਬਣੀਆ ਸਨ।ਕਿਉਕਿ ਉਸ ਸਮੇਂ ਅਮੀਰੀ ਗਰੀਬੀ ਦਾ ਬਹੁਤ ਪਾੜਾ ਸੀ।ਪਹਿਲੇ ਵਿਸ਼ਵ ਯੁੱਧ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਮਜ਼ਦੂਰਾਂ ਵਿੱਚ ਕੁੱਝ ਏਕਤਾ ਦੇਖਣ ਨੂੰ ਮਿਲੀ ।ਮਜ਼ਦੂਰ ਇੱਕ ਝੰਡੇ ਥੱਲੇ ਇਕੱਠੇ ਹੋਏ।ਇਸ ਤੋ ਬਾਅਦ ਕਲਿਆਣਕਾਰੀ ਰਾਜ ਬਣ ਗਿਆ।ਹੌਲੀ ਹੌਲੀ ਪੁਨਰ ਜਾਗ੍ਰਿਤੀ ਆ ਗਈ। ।ਉਦਯੋਗ ਸਾਥਾਪਿਤ ਹੋ ਗਏ ਬਹੁਤ ਸਾਰਾ ਕੰਮ ਮਸ਼ੀਨਾਂ ਰੋਬਟਾ ਰਾਹੀਂ ਹੋਣ ਲੱਗਿਆ। ਜਿਸ ਕਾਰਨ ਕੰਪਿਊਟਰ ਯੁੱਗ ਸ਼ੁਰੂ ਹੋ ਗਿਆ।ਜਿੱਥੇ 50 ਜਾਂ 100 ਮਜ਼ਦੂਰ ਇਕੱਠੇ ਕੰਮ ਕਰਦੇ ਸਨ ਹੁਣ ਉਹ ਥਾਂ ਮਸ਼ੀਨਾਂ ਰੋਬੋਟ ਨੇ ਲਈ ਸਿੱਟੇ ਵਜੋਂ ਮਜ਼ਦੂਰਾਂ ਦਾ ਇੱਕੱਠੇ ਇੱਕਜੁੱਟ ਹੋ ਕੰਮ ਕਰਨ ਦਾ ਸੁਪਨਾ ਬਣ ਕੇ ਰਹਿ ਗਿਆ। ਮਹਾਤਮਾ ਗਾਂਧੀ ਜੀ ਨੇ ਕਿਹਾ ਹੈ ਕਿ ਕਿਸੇ ਦੇਸ਼ ਦੀ ਤਰੱਕੀ ਉਸ ਦੇਸ਼ ਦੇ ਕਾਮਿਆਂ ਅਤੇ ਕਿਸਾਨਾਂ ਉੱਤੇ ਨਿਰਭਰ ਕਰਦੀ ਹੈ। ਗਾਂਧੀ ਜੀ ਅਨੁਸਾਰ ਮਜ਼ਦੂਰਾਂ ਅਤੇ ਕਿਸਾਨਾਂ ਦੀ ਵੱਡੀ ਗਿਣਤੀ ਦਾ ਰਾਜ ਪ੍ਰਬੰਧ ਵਿੱਚ ਬੜਾ ਯੋਗਦਾਨ ਪਾਉਦੀ ਹੈ।ਜੇਕਰ ਸਿੱਖ ਇਤਿਹਾਸ ਵਿੱਚੋਂ ਇੱਕ ਸੱਚੇ ਕਾਮੇ ਦੀ ਉਦਾਹਰਨ ਲਈ ਜਾਵੇ ਇਹ ਭਾਈ ਲਾਲੋ ਜੀ ਸਨ ਜੋ ਕਿ ਸੱਚੀ ਮਿਹਨਤ ਕਰਨ ਵਾਲੇ ਗੁਰੂ ਜੀ ਦੇ ਸਿੱਖ ਸਨ।ਜੋ ਕਿ ਸੱਚੀ ਮਿਹਨਤ ਕਰਨ ਵਾਲਾ ਤਰਖਾਨ ਸੀ। ਗੁਰੂ ਨਾਨਕ ਦੇਵ ਜੀ ਵੱਲੋਂ ਸਿੱਖੀ ਨੂੰ ਬਖ਼ਸ਼ਿਸ਼ ਤਿੰਨ ਮੂਲ ਸਿਧਾਂਤਾਂ ‘ਕਿਰਤ ਕਰੋ, ਵੰਡ ਛਕੋ, ਨਾਮ ਜਪੋ’ ਦਿੱਤੇ ਗਏ ਹਨ।ਜਿੰਨਾ ਵਿਚੋਂ ਗੁਰੂ ਜੀ ਨੂੰ ਧਰਮੀ, ਮਿਹਨਤੀ ਤੇ ਇਮਾਨਦਾਰੀ ਦੀ ਕਿਰਤ ਦਾ ਮੁਜੱਸਮਾ ਭਾਈ ਲਾਲੋ ਹੀ ਨਜ਼ਰ ਆਉਂਦੇ ਹਨ।ਦੋਸਤੋ ਮਜ਼ਦੂਰ ਦਿਵਸ ਸਾਲ ਵਿੱਚ ਇੱਕ ਵਾਰ ਮਨਾਉਣ ਨਾਲ ਕੁੱਝ ਨਹੀਂ ਹੁੰਦਾ ਕਿਉਕਿ ਮਜ਼ਦੂਰ ਤਾ ਦਿਨ ਰਾਤ ਕਮਾਈ ਕਰਦੇ ਹਨ ਜਿੰਨਾ ਆਸਰੇ ਹੀ ਦੁਨੀਆ ਚਲਦੀ ਹੈ।ਇੱਕ ਮਿਹਨਤੀ ਕਾਮੇ ਲਈ ਸਾਲ ਦੇ ਸਾਰੇ ਦਿਨ ਹੀ ਮਜ਼ਦੂਰ ਦਿਵਸ ਵਜੋਂ ਹੋਣੇ ਚਾਹੀਦੇ ਹਨ।ਅੱਜ ਕੱਲ ਕਿਸਾਨਾਂ ਦੀ ਜ਼ਮੀਨਾਂ ਵੀ ਘੱਟ ਰਹੀਆ ਹਨ।ਮਹਿੰਗਾਈ ਬਹੁਤ ਵੱਧ ਗਈ ਹੈ।ਬੇਰੁਜ਼ਗਾਰਾਂ ਕਾਰਨ ਨੌਜਵਾਨ ਦਿਨ ਰਾਤ ਟੈਨਸਨ ਵਿੱਚ ਹਨ।ਮਜ਼ਦੂਰਾਂ ਦੀ ਹਾਲਤ ਦਿਨੋ ਦਿਨ ਵਿਗੜਦੀ ਜਾ ਰਹੀ ਹੈ ਬੇਸ਼ੱਕ ਅੱਜ ਮਜ਼ਦੂਰ ਦਿਵਸ ‘ਤੇ ਮਜ਼ਦੂਰਾਂ ਦੇ ਸੁਧਾਰ ਕੀਤੇ ਜਾ ਰਹੇ ਹਨ ਪਰ ਇਹ ਉਹਨਾਂ ਸਮਾਂ ਸਫਲ ਨਹੀਂ ਹੋ ਸਕਦੇ ਜਿੰਨਾਂ ਸਮਾਂ ਇਹਨਾਂ ਨੂੰ ਅਸਲ (ਅਮਲੀ ਰੂਪ )ਵਿੱਚ ਲਾਗੂ ਨਹੀਂ ਕੀਤਾ ਜਾਂਦਾ ।ਸਾਡਾ ਮਜ਼ਦੂਰ ਦਿਵਸ ਮਨਾਉਣਾ ਉਦੋਂ ਸਾਰਥਕ ਹੋਵੇਗਾ ਜਦੋਂ ਤੱਕ ਮਜਦੂਰਾ ਦੀ ਲੁੱਟ-ਖਸੁੱਟ ਉਹਨਾ ‘ਤੇ ਹੋਰ ਰਹੇ ਜਬਰ ਜ਼ੁਲਮ ਬੰਦ ਨਹੀਂ ਹੋਣਗੇ।ਜਿੰਨਾ ਟਾਇਮ ਮਜ਼ਦੂਰਾਂ ਦੀ ਹਾਲਤ ਵਿੱਚ ਸੁਧਾਰ ਨਹੀਂ ਹੋਵੇਗਾ ਉਹਨਾਂ ਸਮਾਂ ਇਹ ਇੱਕ ਦਿਨ ਮਜ਼ਦੂਰ ਦਿਵਸ ‘ਤੇ ਬਣਾਈਆ ਰਣਨੀਤੀਆਂ ਕਾਮਯਾਬ ਨਹੀਂ ਹੋ ਸਕਣਗੀਆਂ।ਸਾਨੂੰ ਸਾਰਿਆਂ ਨੂੰ ਰਲ ਕੇ ਮਜ਼ਦੂਰਾਂ ਦੀ ਸਥਿਤੀ ਨੂੰ ਸੁਧਾਰਨ ਲਈ ਗੰਭੀਰ ਰੂਪ ਵਿੱਚ ਸੋਚਣਾ ਚਾਹੀਦਾ ਹੈ।








ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਐਤਵਾਰ, 01 ਮਈ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)



ਰੋਜਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ

99155-94111



R.N.I. Punpun/29016/2008 ✲ ਸਾਲ : 14 ✲ ਅੰਕ : 415 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111


## ਕਿਮ ਬੋਲੇ ਜੇਕਰ ਸਾਨੂੰ ਕੋਈ ਧਮਕੀ ਦਿੱਤੀ ਤਾ ਪਰਮਾਣੂ ਹਥਿਆਰ ਚੱਲਾ ਦਿਆਂਗੇ



ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਮੁੜ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਦੇ ਦੇਸ਼ ਨੂੰ ਧਮਕੀ ਦਿੱਤੀ ਗਈ ਤਾਂ ਉਹ ਆਪਣੇ ਪਰਮਾਣੂ ਹਥਿਆਰਾਂ ਦੀ ਵਰਤੋਂ ਪਹਿਲਾਂ ਕਰ ਸਕਦੇ ਹਨ। ਉੱਤਰੀ ਕੋਰੀਆ ਦੀ ਅਧਿਕਾਰਤ ਕੋਰੀਅਨ ਸੈਂਟਰਲ ਨਿਊਜ਼ ਏਜੰਸੀ (ਕੇਸੀਐੱਨਏ) ਨੇ ਅੱਜ ਇਹ ਜਾਣਕਾਰੀ ਦਿੱਤੀ। ਕਿਮ ਨੇ ਇਸ ਹਫਤੇ ਵਿਸ਼ਾਲ ਫੌਜੀ ਪਰੇਡ ਲਈ ਆਪਣੇ ਉੱਚ ਫੌਜੀ ਅਧਿਕਾਰੀਆਂ ਦੀ ਵੀ ਤਾਰੀਫ਼ ਕੀਤੀ। ਕਿਮ ਨੇ ਉੱਤਰੀ ਕੋਰੀਆ ਦੀ ਫੌਜ ਨੂੰ ਪ੍ਰਮਾਣੂ ਹਥਿਆਰਾਂ ਨਾਲ ਲੈਸ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰੱਖਣ ਦੀ ਮਜ਼ਬੂਤ ? ?ਇੱਛਾ ਜ਼ਾਹਰ ਕੀਤੀ ਹੈ। ਕਿਮ ਨੇ ਕਿਹਾ ਕਿ ਦੁਸ਼ਮਣ ਦੇਸ਼ਾਂ ਤੋਂ ਲਗਾਤਾਰ ਵਧਦੇ ਪ੍ਰਮਾਣੂ ਖਤਰਿਆਂ ਦੇ ਮੱਦੇਨਜ਼ਰ ਇਹ ਜ਼ਰੂਰੀ ਸੀ। ਕੇਸੀਐਨਏ ਮੁਤਾਬਕ ਕਿਮ ਨੇ ਸੋਮਵਾਰ ਨੂੰ ਆਯੋਜਿਤ ਪਰੇਡ @ਚ ਫੌਜੀ ਅਧਿਕਾਰੀਆਂ ਦੇ ਕੰਮ ਦੀ ਪ੍ਰਸੰਸਾ ਕਰਨ ਲਈ ਸੱਦਾ ਦਿੱਤਾ ਸੀ।



## ਪੰਜਾਬ ਸਰਕਾਰ ਨੂੰ ਹਾਈਕੋਰਟ ਨੇ ਲਾਇਆ 5 ਹਜਾਰ ਦਾ ਜੁਰਮਾਨਾ

**ਚੰਡੀਗੜ੍ਹ/ਵਿਨੋਦ ਸ਼ਰਮਾ**

ਜੇਲ੍ਹ ਵਿੱਚ ਬੰਦ ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ ਮਾਮਲੇ ਉਤੇ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ 5 ਹਜ਼ਾਰ ਦਾ ਜੁਰਮਾਨਾ ਲਗਾਇਆ ਹੈ। ਤਿੰਨ ਸੁਣਵਾਈਆਂ @ਤੇ ਜਵਾਬ ਦਾਖਲ ਨਾ ਕਰਨ ਅਤੇ ਹਰ ਵਾਰ ਸਮਾਂ ਮੰਗਣ @ਤੇ ਹਾਈਕੋਰਟ ਨੇ ਖਾਸੀ ਨਾਰਾਜ਼ਗੀ ਜ਼ਾਹਿਰ ਕੀਤੀ। ਹਾਈਕੋਰਟ ਨੇ ਕਿਹਾ, ਲੱਗਦਾ ਹੈ ਕਿ ਸਰਕਾਰ ਇਸ ਮਾਮਲੇ ਨੂੰ ਲੈ ਕੇ ਬਿਲਕੁਲ ਵੀ ਗੰਭੀਰ ਨਹੀਂ ਹੈ। ਇਸੇ ਲਈ ਵਾਰ-ਵਾਰ ਸਮਾਂ ਮੰਗਿਆ ਜਾ ਰਿਹਾ ਹੈ। ਇਸ ਜੁਰਮਾਨੇ ਨੂੰ ਅਗਲੀ ਸੁਣਵਾਈ ਤੋਂ ਪਹਿਲਾਂ ਪੀ.ਜੀ.ਆਈ ਦੇ ਗਰੀਬ ਮਰੀਜ਼ ਫੰਡ ਵਿੱਚ ਜਮ੍ਹਾਂ ਕਰਵਾਉਣ ਦੇ ਹੁਕਮ ਦਿੱਤੇ ਹਨ। ਸਰਕਾਰ ਨੂੰ ਜੁਰਮਾਨੇ ਦੀ ਇਹ ਰਕਮ ਇਸ ਲਈ ਜ਼ਿੰਮੇਵਾਰ ਅਧਿਕਾਰੀਆਂ ਤੋਂ ਵਸੂਲਣ ਲਈ ਕਿਹਾ ਗਿਆ ਹੈ। ਜਿਸ ਕਾਰਨ ਇਸ ਮਾਮਲੇ ਵਿੱਚ ਜਵਾਬ ਦਾਖ਼ਲ ਕਰਨ ਵਿੱਚ ਦੇਰੀ ਹੋ ਰਹੀ ਹੈ। ਜਗਤਾਰ ਹਵਾਰਾ ਨੇ ਹਾਈਕੋਰਟ @ਚ ਦਾਇਰ ਪਟੀਸ਼ਨ @ਚ ਕਿਹਾ ਹੈ ਕਿ ਉਸ ਨੇ ਮੋਹਾਲੀ ਦੇ ਸੋਹਾਣਾ




ਥਾਣੇ ਵਿੱਚ 1998 ਵਿੱਚ ਦਰਜ ਐਫਆਈਆਰ ਵਿੱਚ ਜ਼ਮਾਨਤ ਦੀ ਮੰਗ ਕੀਤੀ ਸੀ। ਹਵਾਰਾ ਖਿਲਾਫ ਦੇਸ਼ ਧ੍ਰੋਹ ਦਾ ਮਾਮਲਾ ਦਰਜ ਕੀਤਾ ਗਿਆ ਸੀ। ਹਵਾਰਾ ਨੂੰ ਵੀ 2019 ਵਿੱਚ ਤਿਹਾੜ ਜੇਲ੍ਹ ਵਿੱਚ ਇਸ ਐਫਆਈਆਰ ਬਾਰੇ ਪਤਾ ਲੱਗਾ ਸੀ। ਇਸ ਤੋਂ ਬਾਅਦ ਜਦੋਂ ਉਨ੍ਹਾਂ ਨੇ ਜ਼ਮਾਨਤ ਦੀ ਮੰਗ ਕੀਤੀ ਤਾਂ ਹਾਈਕੋਰਟ ਨੇ ਇਸ @ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ।

## ਜਲੰਧਰ ਸ਼ਹਿਰ ਵਿੱਚ ਫੇਰ ਚੱਲੀ ਗੋਲੀ 1 ਜਖਮੀ



**ਜਲੰਧਰ/ਰਾਕੇਸ਼ ਵਰਮਾ**

ਜਲੰਧਰ ਦੇ ਥਾਣਾ 2 ਨੇੜੇ ਡੋਲਫਿਨ ਹੋਟਲ ਦੇ ਕੋਲ ਗੋਲੀ ਚੱਲਣ ਦੀ ਖ਼ਬਰ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਦੋ ਧਿਰ ਆਪਸ @ਚ ਭਿੜ ਗਏ ਸਨ। ਇਸ ਦੌਰਾਨ ਇਕ ਧਿਰ ਵਲੋਂ ਗੋਲੀਆਂ ਚਲਾਈਆਂ ਗਈਆਂ। ਗੋਲੀ ਚੱਲਣ ਨਾਲ ਇਲਾਕੇ @ਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਨੇੜੇ-ਤੇੜੇ ਦੇ ਦੁਕਾਨਦਾਰਾਂ ਨੇ ਕੁਝ ਨੌਜਵਾਨਾਂ ਨੂੰ ਕਾਬੂ ਕੀਤਾ ਹੈ, ਜੋ ਭੱਜਣ ਦੀ ਫ਼ਿਰਾਕ @ਚ ਸਨ।

## ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਦੇ ਘਰ ਬਾਹਰ ਬੈਠਾ ਆਮ ਆਦਮੀ ਧਰਨੇ ’ਤੇ

**ਸੰਗਰੂਰ/ਲੋਕ ਬਾਣੀ**

ਇੱਥੋਂ ਦੇ ਇੱਕ ਨੌਜਵਾਨ ਅਵਤਾਰ ਸਿੰਘ ਤਾਰਾ ਨੇ ਪੰਜਾਬ ਵਿੱਚ ਵਧ ਰਹੇ ਨਸ਼ਿਆਂ ਖ਼ਿਲਾਫ਼ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਗਲ ਵਿੱਚ ਜ਼ੰਜੀਰਾਂ ਪਾ ਕੇ ਧਰਨੇ ’ਤੇ ਬੈਠੇ ਅਵਾਤਰ ਸਿੰਘ ਨੇ ਮੁੱਖ ਮੰਤਰੀ ਤੋਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਮੁਕਤ ਕਰਵਾਉਣ ਦੀ ਮੰਗ ਕੀਤੀ ਹੈ।

ਇੱਥੇ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਡਰੀਮਲੈਂਡ ਕਲੋਨੀ ਦੇ ਮੁੱਖ ਗੇਟ ਅੱਗੇ ਭੁੱਖ




ਹੜਤਾਲ ’ਤੇ ਬੈਠੇ ਅਵਤਾਰ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਨਸ਼ਿਆਂ ਦਾ ਰੁਝਾਨ ਕਾਫੀ ਵਧ ਰਿਹਾ ਹੈ। ਪੰਜਾਬ ਦੇ ਨੌਜਵਾਨ ਨਸ਼ੇ ਦੀਆਂ ਜ਼ੰਜੀਰਾਂ ਵਿੱਚ ਜਕੜੇ ਗਏ ਹਨ। ਪੰਜਾਬ ਵਿੱਚ ਨਸ਼ਾ ਜ਼ਿੰਦਗੀਆਂ ਤਬਾਹ ਕਰ ਰਿਹਾ ਹੈ। ਨਸ਼ਾ ਛੁਡਾਊ ਕੇਂਦਰਾਂ ਵਿੱਚ ਨੌਜਵਾਨਾਂ ਦਾ ਬਿਨਾਂ ਭੇਦ-ਭਾਵ ਤੋਂ ਇਲਾਜ ਕੀਤੇ ਜਾਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਨਸ਼ਾ ਛੁਡਾਊ ਕੇਂਦਰਾਂ ਵਿੱਚ ਨੌਜਵਾਨਾਂ ਨਾਲ ਚੰਗਾ ਵਤੀਰਾ ਨਹੀਂ ਹੋ ਰਿਹਾ, ਉੱਥੇ ਨੌਜਵਾਨਾਂ ਨਾਲ ਕੁੱਟਮਾਰ ਕੀਤੀ ਜਾਂਦੀ ਹੈ। ਨੌਜਵਾਨਾਂ ਨੂੰ ਨਸ਼ਾ ਮੁਕਤ ਕਰ ਕੇ ਜ਼ਿੰਦਗੀ ਜਿਊਣ ਦੇ ਕਾਬਲ ਬਣਾਉਣ ਲਈ ਇਮਾਨਦਾਰ ਡਾਕਟਰਾਂ ਅਤੇ ਸਟਾਫ਼ ਦੀ ਲੋੜ ਹੈ।

## ਸੰਯੁਕਤ ਕਿਸਾਨ ਮੋਰਚੇ ਨੇ ਕੀਤਾ ਪੱਕਾ ਧਰਨਾ ਲਾਉਣ ਦਾ ਐਲਾਨ

**ਲੁਧਿਆਣਾ/ਕਰਨ ਅਗਰਵਾਲ:-** ਸੰਯੁਕਤ ਕਿਸਾਨ ਮੋਰਚਾ ਦੀ ਅੱਜ ਇਕ ਅਹਿਮ ਮੀਟਿੰਗ ਲੁਧਿਆਣਾ ਵਿਖੇ ਹੋਈ, ਜਿਸ ਵਿਚ ਉਨ੍ਹਾਂ ਨੇ ਐਲਾਨ ਕੀਤਾ ਕਿ ਜੇਕਰ ਪੰਜਾਬ ਸਰਕਾਰ ਵਲੋਂ 17 ਮਈ ਤੋਂ ਪਹਿਲਾਂ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਨਹੀਂ ਕੀਤੀਆਂ ਜਾਂਦੀਆਂ, ਤਾਂ ਕਿਸਾਨਾਂ ਵਲੋਂ ਦਿੱਲੀ ਦੀ ਤਰਜ਼ @ਤੇ ਚੰਡੀਗੜ੍ਹ ਵਿਚ ਪੱਕਾ ਮੋਰਚਾ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਦਾ ਇਕ ਵਫ਼ਦ 5 ਮਈ ਨੂੰ ਲਖੀਮਪੁਰ ਖੀਰੀ ਜਾਵੇਗਾ।





## ਪੰਜਾਬ ਪੁਲਿਸ ਨੇ ਕੀਤੀ ਪਟਿਆਲਾ ਹਿੰਸਾ ਦੇ ਸਾਜਿਸ਼ਕਰਤਾ ਦੀ ਪਹਿਚਾਣ

**ਪਟਿਆਲਾ/ਇਕਬਾਲ ਸਿੰਘ:-** ਪਟਿਆਲਾ ਹਿੰਸਾ ਮਾਮਲੇ @ਚ ਪੰਜਾਬ ਪੁਲਿਸ ਨੇ ਵੱਡੀ ਕਾਰਵਾਈ ਕਰਦੇ ਮੁੱਖ ਸਾਜ਼ਿਸ਼ਕਰਤਾ ਦੀ ਪਛਾਣ ਕਰ ਲਈ ਹੈ। ਮੁੱਖ ਸਾਜ਼ਿਸ਼ਕਰਤਾ ਬਰਜਿੰਦਰ ਸਿੰਘ ਪਰਵਾਨਾ ਦੱਸਿਆ ਜਾ ਰਿਹਾ ਹੈ। ਬਰਜਿੰਦਰ ਸਿੰਘ ਪਰਵਾਨਾ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਛਾਪੇਮਾਰੀ ਕਰ ਰਹੀ ਹੈ। ਦਸ ਦੇਈਏ ਕਿ ਹਰੀਸ਼ ਸਿੰਗਲਾ ਨੂੰ ਪੁਲਿਸ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ। ਦੱਸਣਯੋਗ ਹੈ ਕਿ ਬੀਤੇ ਦਿਨ ਜ਼ਿਲ੍ਹੇ @ਚ ਹੋਈ ਹਿੰਸਕ ਝੜਪ ਤੋਂ ਬਾਅਦ ਪੁਲਿਸ ਵਲੋਂ ਪੂਰੀ ਸਖ਼ਤੀ ਵਰਤੀ ਜਾ ਰਹੀ ਹੈ।

## ਥਲ ਸੈਨਾ ਮੁੱਖੀ ਦਾ ਅਹੁਦਾ ਸੰਭਾਲਿਆ ਮਨੋਜ ਪਾਂਡੇ ਨੇ

**ਦਿੱਲੀ/ਕਪੂਰ**

ਲੈਫ਼ਟੀਨੈਂਟ ਜਨਰਲ ਮਨੋਜ ਪਾਂਡੇ ਨੇ ਨਵੇਂ ਥਲਸੈਨਾ ਪ੍ਰਮੁੱਖ ਦੇ ਤੌਰ @ਤੇ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੇ ਜਨਰਲ ਐੱਮ.ਐੱਮ. ਨਰਵਣੇ ਦੀ ਜਗ੍ਹਾ ਲਈ ਹੈ। ਉਹ ਦੇਸ਼ ਦੇ 29ਵੇਂ ਥਲ ਸੈਨਾ ਪ੍ਰਮੁੱਖ ਬਣੇ ਹਨ।




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਲੋਡ ਟਰੱਕਾਂ ਨੂੰ ਖਾਲੀ ਨਾ ਕੀਤੇ ਜਾਣ ਦੇ ਰੋਸ ’ਚ ਟਰੱਕ ਡਰਾਈਵਰਾਂ ਦਾ ਗੁਦਾਮ ਦੇ ਬਾਹਰ ਧਰਨਾ



ਤਰਨ ਤਾਰਨ ਦੇ ਵਿਧਾਨ ਸਭਾ ਹਲਕਾ ਪੱਟੀ ਦੇ ਅਧੀਨ ਪੈਂਦੇ ਪਿੰਡ ਚੂਸਲੇਵਾੜ ਵਿਖੇ ਬਣੇ ਸੋਮਾ ਦੇ ਗੁਦਾਮਾਂ ਵਿਚ ਕਈ ਦਿਨਾਂ ਤੋਂ ਸੜਕਾਂ ਤੇ ਖੜ੍ਹੇ ਲੋਡ ਟਰੱਕ ਖਾਲੀ ਨਾ ਕੀਤੇ ਜਾਣ ਦੇ ਰੋਸ ਵਿੱਚ ਸਮੂਹ ਟਰੱਕ ਡਰਾਈਵਰਾਂ ਨੇ ਇਕੱਤਰ ਹੋ ਕੇ ਗੁਦਾਮ ਦੇ ਸਾਹਮਣੇ ਧਰਨਾ ਦੇ ਕੇ ਪੰਜਾਬ ਸਰਕਾਰ ਅਤੇ ਸੋਮਾ ਗੁਦਾਮ ਦੇ ਅਧਿਕਾਰੀਆਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਗੱਲਬਾਤ ਕਰਦੇ ਹੋਏ ਪ੍ਰਦਰਸ਼ਨਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਗੱਡੀਆਂ ਤਕਰੀਬਨ ਪੰਜ ਤੋਂ ਸੱਤ ਦਿਨ ਹੋ ਚੱਲੇ ਹਨ ਸੜਕਾਂ ਤੇ ਲੋਡ ਹੋ ਕੇ ਖਲੋਤੀਆਂ ਹਨ ਪਰ ਸੋਮਾ ਗੋਦਾਮ ਦੇ ਅਦਾਕਾਰੀ ਸਿਫ਼ਾਰਸ਼ ਤੇ ਜਿਹੜੀਆਂ ਮਗਰੋਂ ਗੱਡੀਆਂ ਆ ਰਹੀਆਂ ਹਨ, ਉਸ ਨੂੰ ਸਿਫ਼ਾਰਸ਼ ਦੇ ਆਧਾਰ ਤੇ ਪਹਿਲਾਂ ਖਾਲੀ ਕਰਵਾ ਦਿੱਤਾ ਜਾਂਦਾ ਹੈ। ਟਰੱਕ ਡਰਾਈਵਰਾਂ ਨੇ ਕਿਹਾ ਕਿ ਸੋਮਾ ਗੋਦਾਮ ਦੇ ਅਧਿਕਾਰੀ ਉਨ੍ਹਾਂ ਨਾਲ ਪੱਖਪਾਤ ਕਰ ਰਹੇ ਹਨ। ਟਰੱਕ ਡਰਾਈਵਰ ਨੇ ਦੱਸਿਆ ਕਿ ਸੋਮਾ ਗੁਦਾਮ ਦੇ ਅਧਿਕਾਰੀ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਕਰ ਰਹੇ ਜਿਸ ਜਿਸ ਕਰਕੇ ਉਨ੍ਹਾਂ ਵੱਲੋਂ ਮਜਬੂਰ ਹੋ ਕੇ ਇਹ ਰੋਸ ਪ੍ਰਦਰਸ਼ਨ ਕਰਨਾ ਪੈ ਰਿਹਾ ਹੈ ਟਰੱਕ ਡਰਾਈਵਰਾਂ ਨੇ ਕਿਹਾ ਕਿ ਜਦ ਤੱਕ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਅਤੇ ਸਾਡੀਆਂ ਗੱਡੀਆਂ ਵਿਹਲੀਆਂ ਨਹੀਂ ਕਰਵਾਈਆਂ ਜਾਂਦੀਆਂ ਉਦੋਂ ਤੱਕ ਇਹ ਪ੍ਰਦਰਸ਼ਨ ਇਸੇ ਤਰ੍ਹਾਂ ਜਾਰੀ ਰਹੇਗਾ।

# ਪੰਜਾਬ ’ਚ ਜਲਦ ਖੁੱਲ੍ਹਣਗੇ 117 ਮੁਹੱਲਾ ਕਲੀਨਿਕ ਕੰਮ ਸ਼ੁਰੂ : ਗੁਰਪਾਲ ਸਿੰਘ ਇੰਡੀਅਨ



**ਕਪੂਰਥਲਾ/ਅਜੈ ਸਭਰਵਾਲ**

ਦਿੱਲੀ ਦੀ ਤਰਜ਼ @ਤੇ ਪੰਜਾਬ ਚ ਵੀ ਜਲਦ ਹੀ 117 ਮੁਹੱਲਾ ਕਲੀਨਿਕਾਂ @ਚ ਲੋਕਾਂ ਦਾ ਇਲਾਜ ਸ਼ੁਰੂ ਹੋ ਜਾਵੇਗਾ।ਸਰਕਾਰ ਨੇ ਇਨ੍ਹਾਂ ਨੂੰ ਸ਼ੁਰੂ ਕਰਨ ਲਈ ਸੂਬੇ ਦੇ ਸਿਵਲ ਸਰਜਨਾਂ ਤੋਂ ਬਿਲਡਿੰਗਾਂ ਦੀ ਸੂਚੀ ਮੰਗੀ ਹੈ।ਨਾਲ ਹੀ ਹਦਾਇਤ ਦਿੱਤੀ ਹੈ ਕਿ ਜਿੱਥੇ ਕੋਈ ਭਵਨ ਨਾ ਹੋਵੇ,ਤੇ ਉਹ ਜ਼ਮੀਨ ਦਾ ਵੇਰਵਾ 1 ਮਈ ਤੱਕ ਹੈੱਡਕੁਆਰਟਰ ਭੇਜਣਾ ਯਕੀਨੀ ਬਣਾਇਆ ਜਾਵੇ।ਇਸ ਸਬੰਧੀ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਪਾਲ ਸਿੰਘ ਇੰਡੀਅਨ ਨੇ ਸਿਵਲ ਸਰਜਨ ਕਪੂਰਥਲਾ ਗੁਰਿੰਦਰਬੀਰ ਕੌਰ ਅਤੇ ਐਸ.ਐਮ.ਓ ਡਾ: ਸੰਦੀਪ ਧਵਨ ਨਾਲ ਮੀਟਿੰਗ ਕਰਕੇ ਇਸ ਕੰਮ ਨੂੰ ਜਲਦ ਪੂਰਾ ਕਰਨ ਦੀ ਅਪੀਲ ਕੀਤੀ।ਗੁਰਪਾਲ ਸਿੰਘ ਇੰਡੀਅਨ ਨੇ ਦੱਸਿਆ ਕਿ ਹਾਲ ਹੀ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦਾ ਦੌਰਾ ਕੀਤਾ ਸੀ। ਇਸ ਦੌਰਾਨ ਉਨ੍ਹਾਂਨੇ ਸਕੂਲ ਤੇ ਦਿੱਲੀ ਸਰਕਾਰ ਵੱਲੋਂ ਬਣਾਏ ਗਏ ਮੁਹੱਲਾ ਕਲੀਨਿਕਾਂ ਦਾ ਨਿਰੀਖਣ ਕੀਤਾ ਸੀ।ਉਸ ਦੇ ਬਾਅਦ ਮੁੱਖਮੰਤਰੀ ਨੇ ਘੋਸ਼ਣਾ ਕੀਤੀ ਸੀ ਕਿ ਸਾਲ ਦੇ ਅਖੀਰ ਤੱਕ ਸੂਬੇ ਦੇ 117 ਵਿਧਾਨ ਸਭਾ ਹਲਕਿਆਂ @ਚ ਇਕ ਇਕ ਮੁਹੱਲਾ ਕਲੀਨਿਕ ਪੰਜਾਬ ਸਰਕਾਰ ਖੋਲੇਗੀ।ਮੁੱਖ ਮੰਤਰੀ ਦੇ ਐਲਾਨ ਤੇ ਹੁਣ ਸਿਹਤ ਵਿਭਾਗ ਨੇ ਇਸ ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ ਹੈ। ਸੂਬੇ ਦੇ ਸਾਰੇ ਸਿਵਲ ਸਰਜਨਾਂ ਤੋਂ ਉਨ੍ਹਾਂਦੇ ਖੇਤਰ ਦੇ ਭਵਨਾਂ ਦੀ ਸੂਚੀ ਮੰਗੀ ਗਈ ਹੈ।ਜਿੱਥੇ ਭਵਨ ਨਹੀਂ ਹਨ।

# ਇੱਟਾਂ ਵਾਲੀ ਫੈਕਟਰੀ ‘ਚ ਵਾਪਰੀ ਦੁਰਘਟਨਾ ‘ਚ ਨਥੇਹਾ ਦੇ ਕਬੱਡੀ ਖਿਡਾਰੀ ਦੀ ਮੌਤ

**ਤਲਵੰਡੀ ਸਾਬੋ/ਲੋਕ ਬਾਣੀ**

ਤਲਵੰਡੀ ਸਾਬੋ ਦੇ ਪਿੰਡ ਨਥੇਹਾ ‘ਚ ਉਸ ਸਮੇਂ ਸੋਗ ਦੀ ਲਹਿਰ ਫੈਲ ਗਈ ਜਦੋਂ ਪਿੰਡ ਨਥੇਹਾ ਦੇ ਨੌਜਵਾਨ ਕਬੱਡੀ ਖਿਡਾਰੀ ਦੀ ਇੱਟਾਂ ਬਣਾਉਣ ਵਾਲੀ ਫੈਕਟਰੀ ਦੇ ਮਿਕਚਰ ਵਿੱਚ ਆ ਕੇ ਅਚਾਨਕ ਮੌਤ ਹੋ ਗਈ ਜਿਸ ਨਾਲ ਪਿੰਡ ‘ਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।ਜਸਵੀਰ ਚਾਹਲ ਨੇ ਦੱਸਿਆ ਕਿ ਅਮਨਦੀਪ ਸੋਨੀ [22] ਪੁੱਤਰ ਪਾਲ ਸਿੰਘ ਕਬੱਡੀ ਦਾ ਨਾਮਵਰ ਖਿਡਾਰੀ ਸੀ ਤੇ ਉਹ ਤਿੰਨ ਵਾਰ ਨੈਸਨਲ ਪੱਧਰ ਤੱਕ ਧੁੰਮਾਂ ਪਾ ਚੁੱਕਾ ਸੀ ਤੇ ਅਚਾਨਕ ਉਹ ਨਥੇਹਾ ਵਿੱਚ ਲੱਗੀ ਇੱਟਾਂ ਬਣਾਉਣ ਵਾਲੀ ਫੈਕਟਰੀ ਦੇ ਮਿਕਚਰ ਵਿੱਚ ਪੈਰ ਫਿਸਲਣ ਕਰਕੇ ਗੰਭੀਰ ਜਖਮੀ ਹੋ ਗਿਆ ਜਿਸਨੂੰ ਤਰੁੰਤ ਉਸਦੇ ਚਾਚੇ ਬਲਵਿੰਦਰ ਸ਼ਰਮਾ ਨੇ ਪਹਿਲਾਂ ਤਲਵੰਡੀ



ਸਾਬੋ ਦੇ ਸਰਕਾਰੀ ਹਸਪਤਾਲ ‘ਚ ਦਾਖਲ ਕਰਵਾਇਆ ਜਿੱਥੋਂ ਉਸਨੂੰ ਬਠਿੰਡਾ ਲਈ ਰੈਫਰ ਕਰ ਦਿੱਤਾ ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਸਥਾਨਕ ਕਸਬੇ ਦੀ ਪੁਲਿਸ ਨੇ ਬਣਦੀ ਕਾਰਵਾਈ ਕਰਕੇ ਲਾਸ ਪੋਸਟ ਮਾਰਟਮ ਕਰਵਾਉਣ ਤੋਂ ਬਾਦ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ।

# ਖੋਜਾਂ ਦੀਆਂ ਸ਼ੁਰੂਆਤ ਵਿਚ ਬੌਧਿਕ ਸੰਪਦਾ ਦਾ ਅਹਿਮ ਰੋਲ ਸਾਇੰਸ ਸਿਟੀ ਵਲੋਂ ਬੌਧਿਕ ਸੰਪਦਾ ਦਿਵਸ ’ਤੇ ਵੈਬਨਾਰ




**ਕਪੂਰਥਲਾ/ਅਜੈ ਸਭਰਵਾਲ**

ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵਲੋਂ ਪੰਜਾਬ ਰਾਜ ਵਿਗਿਆਨ ਤੇ ਤਕਨੀਕੀ ਪ੍ਰੀਸ਼ਦ ਚੰਡ੍ਹੀਗੜ ਨਾਲ ਮਿਲ ਕੇ ਕੌਮਾਂਤਰੀ ਬੌਧਿਕ ਸੰਪਦਾ ਦੇ ਅਧਿਕਾਰ ਦਿਵਸ ਤੇ ਇਕ ਵੈਬਨਾਰ ਕਰਵਾਇਆ ਗਿਆ। ਵੈਬਨਾਰ ਵਿਚ ਪੰਜਾਬ ਦੇ ਵੱਖ—ਵੱਖ ਵਿਦਿਆਕ ਆਦਰਿਆਂ ਤੋਂ 100 ਦੇ ਕਰੀਬ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਹਿੱਸਾ ਲਿਆ। ਇਸ ਦਿਵਸ ਨੂੰ ਮਨਾਉਣ ਦਾ ਇਸ ਵਾਰ ਦਾ ਥੀਮ ਨਵੀਨਤਕਾਰੀ ਅਤੇ ਨੌਜਾਵਾਨ ਦੇ ਬਿਹਤਰ ਭਵਿੱਖ ਲਈ ਬੌਧਿਕਤਾ ਦਾ ਅਧਿਕਾਰ ਹੈ।

ਇਸ ਮੌਕੇ ਤੇ ਵਿਦਿਆਰਥੀਆਂ ਅਤੇ ਅਧਿਆਪਕਾ ਨੂੰ ਸੰਬੋਧਨ ਕਰਦਿਆਂ ਪੁਸ਼ਪਾ ਗੁਜਰਲ ਸਾਇੰਸ ਸਿਟੀ ਦੀ ਡਾਇਰੈਕਟਰ ਜਨਰਲ ਡਾ. ਨੀਲਿਮਾ ਜੈਰਥ ਨੇ ਕਿਹਾ ਕਿ ਵਿਸ਼ਵ ਬੌਧਿਕ ਸੰਪਦਾ ਦਾ ਅਧਿਕਾਰ ਦਿਵਸ ਹਰ ਸਾਲ ਨਵੀਤਨਾ, ਸਿਰਜਣਾਤਮਿਕਤਾ ਪ੍ਰਤੀ ਉਤਸ਼ਾਹ ਅਤੇ ਹਰੇਕ ਵਿਆਕਤੀ ਨੂੰ ਪੇਟੈਂਟ, ਕਾਪੀ ਰਾਈਟ, ਟਰੇਡ ਮਾਰਕ, ਉਦਯੋਗਿਕ ਡਿਜ਼ਾਇਨ ਭਾਵ ਸੰਪਦਾ ਦੇ ਅਧਿਕਾਰ ਦੀ ਮਹੱਹਤਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਮਨਾਇਆ ਜਾਂਦਾ ਹੈ । ਉਨ੍ਹਾ ਕਿਹਾ ਕਿ ਕਾਢਾਂ ਅਤੇ ਸਿਰਜਣਾਤਮਿਕ ਯਤਨ ਕਿਸੇ ਵੀ ਦੇਸ਼ ਦੇ ਆਰਥਿਕ ਵਿਕਾਸ ਨੂੰ ਅੱਗੇ ਤੋਰਨ ਅਤੇ ਸਥਾਈ ਆਰਥਿਕਤਾਂ ਦੇ ਮੁਕਾਬਲੇ ਲਈ ਡਰਾਈਵਰ ਦਾ ਕੰਮ ਕਰਦੇ ਹਨ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੀਆਂ ਉਤਸ਼ਾਹਿਤ ਸਕੀਮਾ ਮੇਕ ਇਨ ਇੰਡੀਆ, ਸਕਿੱਲ ਇੰਡੀਆਂ ਅਤੇ ਹੁਣ ਆਤਮ ਨਿਰਭ ਹੈ।

# ਪਿੰਡ ਧਾਰੀਵਾਲ ਵਿਖੇ ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ

ਤਰਨ ਤਾਰਨ ਦੇ ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਧਾਰੀਵਾਲ ਵਿਖੇ ਨਸ਼ੇ ਦੀ ਓਵਰਡੋਜ਼ ਕਾਰਨ ਇਕ ਹੋਰ ਨੌਜਵਾਨ ਦੀ ਮੌਤ ਹੋਈ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਸ਼ਿੰਦਰ ਸਿੰਘ ਵਾਸੀ ਉਮਰ 33 ਸਾਲ ਜੋ ਕਿ ਪਿੰਡ ਧਾਲੀਵਾਲ ਰਹਿੰਦਾ ਸੀ ਅਤੇ ਦੋ ਸਾਲ ਤੋਂ ਨਸ਼ਾ ਕਰਨ ਦਾ ਆਦੀ ਸੀ। ਮ੍ਰਿਤਕ ਸ਼ਿੰਦਰ ਸਿੰਘ ਵਿਆਹਿਆ ਹੋਇਆ ਸੀ ਅਤੇ ਇਸ ਦੀਆਂ ਦੋ ਛੋਟੀਆਂ ਕੁੜੀਆਂ ਸਨ। ਫਿਲਹਾਲ ਪੁਲਿਸ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਹਸਪਤਾਲ ਪੋਸਟਮਾਰਟਮ ਲਈ ਭੇਜ ਦਿੱਤੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੱਟੀ ਦੇ ਵਿਚ ਆਏ ਦਿਨ ਨਸ਼ੇ ਦੀ ਓਵਰਡੋਜ਼ ਨਾਲ ਕਈ ਮੌਤਾਂ ਹੋ ਚੁੱਕੀਆਂ ਹਨ।ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਸ਼ਿੰਦਰ ਸਿੰਘ ਦੀ ਮਾਤਾ ਭਜਨ ਕੌਰ ਅਤੇ ਪਤਨੀ ਹਰਪ੍ਰੀਤ ਕੌਰ ਨੇ ਦੱਸਿਆ ਕਿ ਉਸਦਾ ਪਤੀ ਨਸ਼ਾ ਕਰਨ ਦਾ ਆਦੀ ਸੀ ਅਤੇ ਬੀਤੀ ਸਵੇਰ ਵੀ ਉਹ ਘਰੋਂ ਕਿਸੇ ਕੰਮ ਲਈ ਬਾਹਰ ਗਿਆ ਅਤੇ ਘਰੋਂ ਵਾਪਸ ਨਹੀਂ ਆਇਆ ਜਦ ਉਸ ਦਾ ਪਤਾ ਕੀਤਾ ਤਾਂ ਇਹ ਪਤਾ ਚੱਲਿਆ ਕਿ ਸ਼ਿੰਦਰ ਸਿੰਘ ਨੇ ਨਸ਼ੇ ਦੀ ਜ਼ਿਆਦਾ ਓਵਰਡੋਜ਼ ਲੈ ਲਈ ਹੈ ਜਿਸ ਕਾਰਨ ਉਸਦੀ ਮੌਤ ਹੋ ਗਈ ਹੈ। ਪੀੜਤ ਹਰਪ੍ਰੀਤ ਕੌਰ ਨੇ ਦੱਸਿਆ ਕਿ ਪਿੰਡ ਧਾਰੀਵਾਲ ਵਿਖੇ ਸ਼ਰੇਆਮ ਨਸ਼ਾ ਵਿਕਦਾ ਹੈ ਪਰ ਪੁਲਿਸ ਪ੍ਰਸ਼ਾਸਨ ਕੋਈ ਵੀ ਕਾਰਵਾਈ ਨਹੀਂ ਕਰਦਾ। ਨਸ਼ਾ ਹਾਲੇ ਤੱਕ ਬੰਦ ਨਹੀਂ ਹੋਇਆ ਸ਼ਰੇਆਮ ਨਸ਼ਾ ਵਿਕਦਾ ਹੈ।

# ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਦੀ ਅਪੀਲ, ਉਦਯੋਗਿਕ ਘਰਾਣੇ ਨਿਵੇਸ਼ ਲਈ ਅੱਗੇ ਆਉਣ

**ਜੰਮੂ/ਲੋਕ ਬਾਣੀ**:- ਜੰਮੂ–ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਉਦਯੋਗ ਘਰਾਣਿਆਂ ਨੂੰ ਜੰਮੂ–ਕਸ਼ਮੀਰ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਪਾਰਕ ਘਰਾਣਿਆਂ ਦਾ ਦੇਸ਼ ਦੀ ਆਰਥਿਕਤਾ ਵਿੱਚ ਅਹਿਮ ਯੋਗਦਾਨ ਹੈ। ਇਹ ਦੇਸ਼ ਵਿੱਚ ਰੁਜ਼ਗਾਰ ਪੈਦਾ ਕਰਨ ਅਤੇ ਵਿਕਾਸ ਦੇ ਮਹੱਤਵਪੂਰਨ ਥੰਮ੍ਹ ਹਨ। ਉਨ੍ਹਾਂ ਇਹ ਗੱਲਾਂ ਮਨੀਕੰਟਰੋਲ ਪ੍ਰੋ ਇੰਡੀਅਨ ਫੈਮਿਲੀ ਬਿਜ਼ਨਸ ਐਵਾਰਡ ਸਮਾਰੋਹ ਨੂੰ ਸੰਬੋਧਨ ਕਰਦਿਆਂ ਕਹੀਆਂ। ਇਹ ਮਨੀਕੰਟਰੋਲ ਪ੍ਰੋ ਇੰਡੀਅਨ ਫੈਮਿਲੀ ਬਿਜ਼ਨਸ ਅਵਾਰਡਸ ਦਾ ਪਹਿਲਾ ਐਡੀਸ਼ਨ ਹੈ। ਇਹ 29 ਅਪ੍ਰੈਲ ਨੂੰ ਮੁੰਬਈ ਵਿੱਚ ਆਯੋਜਿਤ ਕੀਤਾ ਗਿਆ ਸੀ। ਇਸ ਐਵਾਰਡ ਸਮਾਰੋਹ ਵਿੱਚ ਮਨੋਜ ਸਿਨਹਾ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸੱਦਿਆ ਗਿਆ ਸੀ।



ਕਾਰੋਬਾਰੀ ਘਰਾਣੇ ਜੀਡੀਪੀ ਵਿੱਚ 80 ਪ੍ਰਤੀਸ਼ਤ ਯੋਗਦਾਨ ਪਾਉਂਦੇ ਹਨ : ਮਨੋਜ ਸਿਨਹਾ ਨੇ ਕਿਹਾ ਕਿ ਦੇਸ਼ ਦੇ ਜੀਡੀਪੀ ਵਿੱਚ 80 ਫੀਸਦੀ ਕਾਰੋਬਾਰੀ ਘਰਾਣਿਆਂ ਦਾ ਯੋਗਦਾਨ ਹੈ। ਗਾਹਕਾਂ ਦੀ ਮੰਗ ਨੂੰ ਪੂਰਾ ਕਰਨ ਤੋਂ ਇਲਾਵਾ ਰੁਜ਼ਗਾਰ ਪੈਦਾ ਕਰਨ, ਸਟਾਰਟਅੱਪਸ ਨੂੰ ਫੰਡ ਮੁਹੱਈਆ ਕਰਵਾਉਣ ਵਿੱਚ ਕਾਰੋਬਾਰੀ ਘਰਾਣਿਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ।

# ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਕਤਲ ਕੇਸ ‘ਚ ਵੱਡੀ ਅਪਡੇਟ; ਪੰਜਾਬ ਸਰਕਾਰ ਨੂੰ ਬਿੱਟੂ ਦੇ ਪਰਿਵਾਰ ਨੂੰ 21.83 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੇ ਹੁਕਮ

**ਚੰਡੀਗੜ੍ਹ/ਲੋਕ ਬਾਣੀ**:- ਨਾਭਾ ਜੇਲ੍ਹ ਦੇ ਅੰਦਰ ਮਾਰੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪਾਂ ਦੀ ਬੇਅਦਬੀ ਕਰਨ ਵਾਲੇ ਮੁੱਖ ਮੁਲਜ਼ਮ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਕੇਸ ਵਿੱਚ ਵੱਡੀ ਅਪਡੇਟ ਸਾਹਮਣੇ ਆਈ ਹੈ। ਨਿਜੀ ਅਖਬਾਰ ਦੀ ਖ਼ਬਰ ਅਨੁਸਾਰ ਪੰਜਾਬ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਮ੍ਰਿਤਕ ਬਿੱਟੂ ਦੇ ਪਰਿਵਾਰ ਨੂੰ 21.83 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੇ ਹੁਕਮ ਕੀਤੇ ਹਨ। ਜਾਣਕਾਰੀ ਅਨੁਸਾਰ, ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦਾ 2019 ਵਿੱਚ ਜੇਲ੍ਹ ਵਿੱਚ ਕੈਦੀਆਂ ਵੱਲੋਂ ਕਤਲ ਕਰ ਦਿੱਤਾ ਗਿਆ ਸੀ। ਇਸ ਕਾਰਵਾਈ ਤੇ ਹਾਈਕੋਰਟ ਨੇ ਜੇਲ੍ਹ ਪ੍ਰਬੰਧਕਾਂ ਦੀ ਲਾਪਰਵਾਹੀ ਕਰਾਰਿਆ ਅਤੇ ਇਸੇ ਕੇਸ ਵਿੱਚ ਹੁਣ ਸਰਕਾਰ ਨੂੰ ਮ੍ਰਿਤਕ ਬਿੱਟੂ ਦੇ ਪਰਿਵਾਰ ਨੂੰ 21.83 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੇ ਹੁਕਮ ਕੀਤੇ ਹਨ।



# ਮੱਲੀਆਂ ਸਕੂਲ ’ਚ ਲੇਬਰ ਦਿਵਸ ਮਨਾਇਆ



**ਜੰਡਿਆਲਾ ਗੁਰੂ / ਜਸਪਾਲ ਸ਼ਰਮਾ**

ਸ਼ਹੀਦਾਂ ਤਰਨਾ ਦਲ ਦੀ ਰਹਿਨੁਮਾਈ ਹੇਠ ਚੱਲ ਰਹੀ ਸੀ ਬੀ ਐਸ ਈ ਸੰਸਥਾ ਸ੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਮੱਲੀਆਂ ਵਿਖੇ ਅੱਜ ਮਜ਼ਦੂਰ ਦਿਵਸ ਮਨਾਇਆ ਗਿਆ ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਵੱਖ ਵੱਖ ਵਿਦਿਆਰਥੀਆਂ ਦੁਆਰਾ ਵੱਖਰੇ ਵੱਖਰੇ ਅਹੁਦੇ ਤੇ ਲੱਗੇ ਮਜ਼ਦੂਰਾ ਦੀਆਂ ਝਲਕੀਆਂ ਪੇਸ਼ ਕੀਤੀਆਂ ਅਤੇ ਆਪਣੇ ਆਪਣੇ ਅਹੁਦੇ ਦੀ ਪਛਾਣ ਕਰਵਾਈ ਇਸ ਮੌਕੇ ਬੋਲਦਿਆਂ ਸਕੂਲ ਦੇ ਪਿ ?ਸੀਪਲ ਪਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਮਜ਼ਦੂਰ ਦਿਵਸ ਹਰ ਸਾਲ ਇਕ ਮਈ ਨੂੰ ਵਿਸ਼ਵ ਭਰ ਵਿੱਚ ਮਨਾਇਆ ਜਾਂਦਾ ਹੈ ਇਹ ਦਿਵਸ ਪਹਿਲੀ ਵਾਰ ਮਦਰਾਸ ਵਿੱਚ1923 ਨੂੰ ਮਨਾਇਆ ਗਿਆ ਉਹਨਾਂ ਕਿਹਾ ਕਿ ਬੱਚਿਓ ਕੋਈ ਵੀ ਕੰਮ ਛੋਟਾ ਵੱਡਾ ਨਹੀਂ ਹੁੰਦਾ ਕੰਮ ਕਰਨ ਲੱਗਿਆਂ ਸੰਗ ਨਹੀਂ ਕਰਨੀ ਚਾਹੀਦੀ ਇਸ ਮੌਕੇ ਸਮੂਹ ਸਕੂਲ ਸਟਾਫ ਹਾਜ਼ਰ ਸੀ>

## ਸ਼੍ਰੀਮਤੀ ਨਿਰਮਲ ਖੰਨਾ ਵਾਸੀ ਰਾਮ ਸ਼ਰਨਮ ਕਲੋਨੀ ਗੁਰਦਾਸਪੁਰ ਕੋਵਿਡ ਵੈਕਸੀਨ ਦੀ ਦੂਸਰੀ ਖੁਰਾਕ ਲਵਾਉਂਦੇ ਹੋਏ ।

ਫੋਟੋ ਤੇ ਵੇਰਵਾ ਨਵਨੀਤ ਕੁਮਾਰ, ਗੁਰਦਾਸਪੁਰ




# ਖੇਲੋ ਇੰਡੀਆ ਸਰਬ ਭਾਰਤੀ ਅੰਤਰ ਯੂਨੀਵਰਸਿਟੀ ਖੇਡਾਂ ਬੰਗਲੌਰ ਵਿਖੇ ਗੁਰਪ੍ਰੀਤ ਸਿੰਘ ਵਰਸੋਲਾ ਨੇ ਜੂਡੋ ਵਿੱਚ ਜਿਤਿਆ ਕਾਂਸ਼ੀ ਦਾ ਤਮਗਾ







**ਗੁਰਦਾਸਪੁਰ-ਨਵਨੀਤ ਕੁਮਾਰ**

27 ਅਪ੍ਰੈਲ ਤੋਂ 30 ਅਪ੍ਰੈਲ ਤੱਕ ਬੰਗਲੌਰ ਵਿਖੇ ਚੱਲ ਰਹੀਆਂ ਖੇਲੋ ਇੰਡੀਆ ਸਰਬ ਭਾਰਤੀ ਅੰਤਰ ਯੂਨੀਵਰਸਿਟੀ ਖੇਡਾਂ ਵਿਚ ਸ਼ਹੀਦ ਭਗਤ ਸਿੰਘ ਜੂਡੋ ਸੈਂਟਰ ਗੁਰਦਾਸਪੁਰ ਦੇ ਜੂਡੋ ਖਿਡਾਰੀ ਗੁਰਪ੍ਰੀਤ ਸਿੰਘ ਵਰਸੋਲਾ ਨੇ 73 ਕਿਲੋ ਭਾਰ ਵਰਗ ਵਿੱਚ ਕਾਂਸ਼ੀ ਤਮਗਾ ਜਿੱਤਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦਾ ਨਾਮ ਰੌਸ਼ਨ ਕੀਤਾ ਹੈ। ਗੁਰਪ੍ਰੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦਾ ਇਕੋ ਇੱਕ ਜੂਡੋ ਖਿਡਾਰੀ ਸੀ ਜਿਸ ਨੇ ਇਸ ਵੱਕਾਰੀ ਖੇਡਾਂ ਵਿਚ ਹਿੱਸਾ ਲਿਆ ਹੈ। ਜੂਡੋ ਸੈਂਟਰ ਦੇ ਸੰਚਾਲਕ ਅਮਰਜੀਤ ਸ਼ਾਸਤਰੀ ਜੂਡੋ ਕੋਚ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਰੋਨਾ ਸੰਕਟ ਦੇ ਦੌਰਾਨ ਲੰਮੇ ਸਮੇਂ ਤੋਂ ਖੇਡ ਮੁਕਾਬਲਿਆਂ ਤੋਂ ਬਾਹਰ ਰਹੇ ਗੁਰਪ੍ਰੀਤ ਸਿੰਘ ਦਾ ਰਾਸ਼ਟਰੀ ਪੱਧਰ ਦਾ ਇਹ ਪਹਿਲਾ ਮੁਕਾਬਲਾ ਸੀ ਜਿਸ ਵਿੱਚ ਪਹਿਲੀ ਵਾਰ ਮੈਡਲ ਜਿੱਤਣ ਵਿਚ ਕਾਮਯਾਬੀ ਪ੍ਰਾਪਤ ਕਰਨਾ ਬਹੁਤ ਵੱਡੀ ਗੱਲ ਹੈ। ਸਰਦਾਰ ਮਲੂਕ ਸਿੰਘ ਵਰਸੋਲਾ ਅਤੇ ਜਸਵਿੰਦਰ ਕੌਰ ਦੇ ਨੌਜਵਾਨ ਪੁੱਤਰ ਨੇ ਮੈਡਲ ਜਿਤਕੇ ਇਲਾਕੇ ਦੇ ਸੀਨੀਅਰ ਜੂਡੋ ਖਿਡਾਰੀਆਂ ਦੀ ਸ਼ਾਨਦਾਰ ਰਿਵਾਇਤਾਂ ਨੂੰ ਅੱਗੇ ਵਧਾਉਣ ਵਿਚ ਸਫਲਤਾ ਹਾਸਲ ਕੀਤੀ ਹੈ । ਜੂਡੋ ਕੋਚ ਰਵੀ ਕੁਮਾਰ ਨੇ ਗੁਰਪ੍ਰੀਤ ਸਿੰਘ ਦੀ ਪ੍ਰਾਪਤੀ ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਜਲਦੀ ਹੀ ਇਹ ਖਿਡਾਰੀ ਭਾਰਤ ਦੀ ਜੂਡੋ ਟੀਮ ਵਿਚ ਜਗਾਹ ਬਣਾ ਕੇ ਪੰਜਾਬ ਦਾ ਨਾਮ ਰੌਸ਼ਨ ਕਰੇਗਾ। ਗੁਰਦਾਸਪੁਰ ਜੂਡੋਕਾ ਵੈਲਫੇਅਰ ਸੋਸਾਇਟੀ ਦੇ ਜਰਨਲ ਸਕੱਤਰ ਸਤੀਸ਼ ਕੁਮਾਰ, ਵਿਤ ਸਕੱਤਰ ਬਲਵਿੰਦਰ ਕੌਰ ਰਾਵਲਪਿੰਡੀ, ਪ੍ਰਿੰਸੀਪਲ ਅਮਰਜੀਤ ਸਿੰਘ ਮਨੀ, ਪ੍ਰਿੰਸੀਪਲ ਕੁਲਵੰਤ ਸਿੰਘ, ਨਵੀਨ ਸਲਗੋਤਰਾ, ਗਗਨਦੀਪ ਸਿੰਘ ਭੋਲਾ, ਨੇ ਖਿਡਾਰੀ ਦੇ ਕੋਚ, ਮਾਪਿਆਂ ਨੂੰ ਵਧਾਈ ਦਿੰਦਿਆਂ ਆਸ ਪਰਗਟ ਕੀਤੀ ਹੈ ਕਿ ਗੁਰਪ੍ਰੀਤ ਸਿੰਘ ਜਲਦੀ ਹੀ ਹੋਰ ਮੈਡਲ ਜਿਤਕੇ ਦੇਸ਼ ਦਾ ਨਾਮ ਰੌਸ਼ਨ ਕਰੇਗਾ।

# ਕੋਵਿਡ-19 ਦੌਰਾਨ ਫੀਲਡ ਦੇ ਸਿਹਤ ਕਰਮਚਾਰੀਆ ਵੱਲੋ ਕੀਤੇ ਗਏ ਸਲਾਘਾਯੋਗ ਕੰਮਾ ਲਈ ਨੂੰ ਕੀਤਾ ਸਨਮਾਨਿਤ



**ਗੁਰਦਾਸਪੁਰ-ਨਵਨੀਤ ਕੁਮਾਰ**

ਸਿਵਲ ਸਰਜਨ ਡਾ ਵਿਜੇ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਸਹਾਇਕ ਸਿਵਲ ਸਰਜਨ ਡਾ ਭਾਰਤ ਭੂਸ਼ਣ ਦੀ ਅਗਵਾਈ ਹੇਠ ਜਿਲਾ ਪੱਧਰ ਤੇ ਮਾਸ ਮੀਡੀਆ ਵਿੰਗ ਅਤੇ ਮਲਟੀਪਰਪਜ ਹੈਲਥ ਵਰਕਰ ਸੁਪਰਵਾਈਜਰ ਨੂੰ ਕੋਵਿਡ-19 ਕੀਤੇ ਗਏ ਸਲਾਘਾਯੋਗ ਕੰਮਾ ਲਈ ਪ੍ਰਸ਼ੰਸ਼ਾ ਪੱਤਰ ਦੇ ਕੇ ਸਮਾਨਿਤ ਕੀਤਾ ਗਿਆ ।

ਇਸ ਮੌਕੇ ਸਹਾਇਕ ਸਿਵਲ ਸਰਜਨ ਭਾਰਤ ਭੂਸ਼ਣ ਨੇ ਦਸਿਆ ਕੇ ਹਰ ਸਾਲ 24 ਅਪ੍ਰੈਲ ਤੋ ਲੇ ਕੇ 30 ਅਪ੍ਰੈਲ ਤੱਕ ਵਿਸ਼ਵ ਟੀਕਾਕਰਣ ਹਫਤਾ ਮਨਾਇਆ ਜਾਂਦਾ ਹੈ। ਇਸ ਵਾਰ ਇਹ ਸਮਾਗਮ ਕੋਵਿਡ-19 ਦੌਰਾਨ ਫੀਲਡ ਦੇ ਸਿਹਤ ਕਰਮਚਾਰੀਆ ਵੱਲੋ ਕੀਤੇ ਗਏ ਸਲਾਘਾਯੋਗ ਕੰਮਾ ਲਈ ਉਹਨਾ ਨੂੰ ਸਨਮਾਨਿਤ ਕਰਕੇ ਮਨਾਇਆ ਗਿਆ । ਟੀਕਾਕਰਣ ਪ੍ਰੋਗਰਾਮ ਗਰਭਵਤੀ ਔਰਤਾ ਅਤੇ ਨਵਜੰਮੇ ਬੱਚਿਆ ਨੂੰ ਕਈ ਮਾਰੂ ਬਿਮਾਰੀਆਂ ਤੋ ਬਚਾਉਣ ਲਈ ਸ਼ੁਰੂ ਕੀਤਾ ਗਿਆ ਸੀ। ਕੋਵਿਡ ਦੇ ਹਲਾਤਾ ਨੂੰ ਵੇਖਦਿਆ ਹੋਇਆ ਅੱਜ ਸਾਡੇ ਕਰਮਚਾਰੀ ਕੋਵਿੰਡ ਵੈਕਸੀਨੇਸ਼ਨ ਦਾ ਕੰਮ ਪੂਰੀ ਤਨਦੇਹੀ ਨਾਲ ਕਰ ਰਹੇ ਹਨ। ਉਹਨਾ ਨੇ ਕਿਹਾ ਕੇ ਮਾਸ ਮੀਡੀਆ ਵਿੰਗ ਨੇ ਵੀ ਇਸ ਦੌਰਾਨ ਲੋਕਾਂ ਨੂੰ ਕੋਵਿਡ ਤੋ ਬਚਣ ਲਈ ਵੱਧ ਤੋ ਵੱਧ ਟੀਕਾਕਰਣ ਕਰਵਾਉਣ ਲਈ ਪ੍ਰੇਰਿਤ ਕੀਤਾ । ਇਸ ਸਦਕਾ ਹੀ ਅੱਜ ਕੋਵਿਡ ਦੇ ਕੇਸ ਬਹੁਤ ਘੱਟ ਨਿਕਲ ਰਹੇ ਹਨ। ਵੈਕਸੀਨੇਸ਼ਨ ਤੋ ਪਹਿਲਾ ਲੋਕਾਂ ਵਿੱਚ ਕੋਵਿਡ ਕਾਰਨ ਮੋਤ ਦਰ ਕਾਫੀ ਜਿਆਦਾ ਸੀ ਪਰ ਵੈਕਸੀਨੇਸ਼ਨ ਤੋ ਬਾਅਦ ਇਸ ਦਾ ਗ੍ਰਾਫ ਬਹੁਤ ਹੇਠਾ ਆ ਗਿਆ ਹੈ। ਉਹਨਾ ਸਿਹਤ ਕਰਮਚਾਰੀਆਂ ਨੂੰ ਇਹ ਹਦਾਇਤ ਵੀ ਕੀਤੀ ਕਿ ਉਹ ਇਸੇ ਤਰ੍ਹਾ ਹੀ ਵੈਕਸੀਨੇਸ਼ਨ ਦਾ ਕੰਮ ਪੂਰੀ ਤਨਦੇਹੀ ਨਾਲ ਕਰਦੇ ਰਹਿਣ। ਜਿਲਾ ਟੀਕਾਕਰਣ ਅਫਸਰ ਡਾ ਅਰਵਿੰਦ ਕੁਮਾਰ ਨੇ ਇਕ ਮੌਕੇ ਤੇ ਟੀਕਾਕਰਣ ਦੀਆ ਉਪਲਬੱਧੀਆ ਬਾਰੇ ਦਸਿਆ ਕਿ ਅਸੀ ਪੋਲਿਓ ਦੀ ਬਿਮਾਰੀ ਉੱਤੇ ਜਨਤਾ ਦੇ ਸਹਿਯੋਗ ਨਾਲ 100% ਜਿੱਤ ਪ੍ਰਾਪਤ ਕਰ ਚੁੱਕੇ ਹਾਂ। ਪਰ ਗੁਆਂਢੀ ਦੇਸ਼ਾ ਵਿੱਚ ਅੱਜ ਵੀ ਪੋਲਿਓ ਦੇ ਕੇਸ ਹੋ ਰਹੇ ਹਨ ਜਿਸ ਕਰਕੇ ਪੋਲਿਓ ਦੀ ਵੈਕਸੀਨ ਲਗਾਤਾਰ ਲਗਾਈ ਜਾ ਰਹੀ ਹੈ । ਟੀਕਾਕਰਣ ਬਾਰੇ ਦੱਸਦੇ ਹੋਏ ਜਿਲਾ ਟੀਕਾਕਰਣ ਅਫਸਰ ਨੇ ਦਸਿਆ ਕਿ ਕੋਵਿਡ-19 ਵੈਕਸੀਨੇਸਨ ਦਾ ਵੀ ਟੀਚਾ ਕਾਫੀ ਹੱਦ ਤੱਕ ਪ੍ਰਾਪਤ ਕਰ ਚੁੱਕੇ ਹੇ । ਕੋਵਿਡ ਵੈਕਸੀਨੇਸਨ ਦੀ ਚੰਗੀ ਕਵਰੇਜ ਨਾਲ ਅਸੀ ਇਸ ਬਿਮਾਰੀ ਉੱਤੇ ਜਿੱਤ ਪ੍ਰਾਪਤ ਕਰ ਰਹੇ ਹਾ। ਉਹਨੇ ਨੇ ਜਨਤਾ ਨੂੰ ਅਪੀਲ ਕੀਤੀ ਕਿ ਬੱਚਿਆ ਨੂੰ ਗੰਭੀਰ ਬਿਮਾਰੀਆਂ ਤੋ ਬਚਾਉਣ ਲਈ ਬੀ.ਸੀ.ਜੀ, ਪੈਂਟਾਵੇਲੈਂਟ , ਪੋਲਿਓ ਰੋਕੂ ਬੂੰਦਾ, ਰੋਟਾ ਵਾਇਰਸ, ਪੀ.ਸੀ.ਵੀ, ਐਮ .ਆਰ ਅਤੇ ਆਈ,ਪੀ.ਵੀ ਦਾ ਟੀਕਾਕਰਣ ਕਰਵਾਉਣਾ ਲਾਜਮੀ ਹੈ। ਇਸ ਤੋ ਇਲਾਵਾ ਗਰਭਵੱਤੀ ਮਹਿਲਾਵਾਂ ਨੂੰ ਟੀ.ਡੀ ਵੈਕਸੀਨ ਦੀਆਂ ਦੋਵੇ ਡੋਜਾ ਲਗਵਾਉਣਾ ਅਤਿ ਜਰੂਰੀ ਹਨ।

ਇਸ ਮੌਕੇ ਤੇ ਸਮੂਹ ਐਲ.ਐਚ.ਵੀ , ਸੁਰਿੰਦਰ ਕੌਰ ਬੀ.ਈ.ਈ, ਸੰਦੀਪ ਕੌਰ ਬੀ.ਈ.ਈ , ਹਰਦੀਪ ਸਿੰਘ ਬੀ.ਈ.,ਈ, ਪਰਮਿੰਦਰ ਸਿੰਘ ਬੀ.ਈ.ਈ , ਹੈਲਪ ਏਜ ਇੰਡੀਆ ਵਿਲੀਅਮ ਗਿੱਲ, ਦੀਪਿਕਾ, ਡਾ ਅਰਪਨਾ ਸ਼ਰਮਾ, ਸੰਨਦੀਪ ਸਿੰਘ (ਡ਼ਛਛੰ) ਹਰਪ੍ਰੀਤ ਕੌਰ, ਨੀਰਜ ਸ਼ਰਮਾ, ਰਜਿੰਦਰ ਕੁਮਾਰ , ਜਿਲਾ ਮਾਸ ਮੀਡੀਆ ਅਫਸਰ ਗੁਰਿੰਦਰ ਕੌਰ ਸ਼ਾਮਲ ਸਨ।

# ਕੈਂਪ ਸਥਾਨ ਸ਼੍ਰੀਮਤੀ ਵਿਦਿਆਵਤੀ ਤਰਸੇਮ ਲਾਲ ਜੈਨ ਚੈਰੀਟੇਬਲ ਡਿਸਪੈਂਸਰੀ, ਨੂਰਵਾਲਾ ਰੋਡ, ਅਤੇ ਹੋਰ ਡਿਸਪੈਂਸਰੀਆਂ ਵਿੱਚ

**ਲੁਧਿਆਣਾ/ਸੁਖਚੈਨ ਮਹਿਰਾ:-** ਸਮਾਜ ਸੇਵੀ ਰਾਕੇਸ਼ ਜੈਨ ਪ੍ਰਧਾਨ ਭਗਵਾਨ ਮਹਾਂਵੀਰ ਸੇਵਾ ਸੰਸਥਾਨ ਦੀ ਧਰਮ ਪਤਨੀ ਰਮਾ ਜੈਨ, ਡਾਇਰੈਕਟਰ ਜੈਨ ਕ੍ਰਿਏਟਿਵ ਲਾਈਨ ਨੇ ਉਨ੍ਹਾਂ ਦੇ ਜਨਮ ਦਿਨ @ਤੇ ਸਵਰਗੀ ਸ਼੍ਰੀਮਤੀ ਵਿਦਿਆਵਤੀ ਤਰਸੇਮ ਲਾਲ ਜੈਨ ਦੇ ਜਨਮ ਦਿਨ @ਤੇ ਵਿਸ਼ਾਲ ਮੈਡੀਕਲ ਕੈਂਪ ਲਗਾਇਆ। ਚੈਰੀਟੇਬਲ ਡਿਸਪੈਂਸਰੀ ਨੂਰਵਾਲਾ ਰੋਡ ਤੇ ਹੋਰ ਡਿਸਪੈਂਸਰੀਆਂ ਦੇ ਸਾਰੇ 220 ਮਰੀਜ਼ਾਂ ਨੂੰ ਮੁਫ਼ਤ ਦਵਾਈਆਂ, ਮੁਫ਼ਤ ਟੈਸਟ, ਮੁਫ਼ਤ ਚੈੱਕਅਪ, ਮੁਫ਼ਤ ਬੀ.ਪੀ. ਚੈੱਕਅਪ, ਮੁਫ਼ਤ ਸ਼ੂਗਰ ਚੈੱਕਅੱਪ, ਮੁਫ਼ਤ ਦਵਾਈਆਂ ਆਦਿ ਵੰਡ ਕੇ ਮਨਾਇਆ ਗਿਆ, ਰਮਾ ਜੈਨ ਨੇ ਦੱਸਿਆ ਕਿ ਸਾਡੀ ਪਰਿਵਾਰਕ ਪਰੰਪਰਾ ਰਹੀ ਹੈ । ਕਿਸੇ ਵੀ ਪ੍ਰਕਾਰ ਦੀ.. ਪਿਛਲੇ ਕਈ ਸਾਲਾਂ ਤੋਂ ਆਡੰਬਰਾਂ ਵਾਲੇ ਹੋਟਲਾਂ ਜਾਂ ਕਲੱਬਾਂ ਆਦਿ ਵਿੱਚ ਨਾ ਜਾ ਕੇ ਲੋੜਵੰਦਾਂ ਦੀ ਯੋਗ ਮਦਦ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ, ਇਹ ਸੋਚ ਕੇ ਕਿ ਕੋਈ ਜਨਮ ਦਿਨ ਹੋਵੇ, ਵਿਆਹ ਦੀ ਵਰ੍ਹੇਗੰਢ ਹੋਵੇ ਜਾਂ ਕਿਸੇ ਬਜ਼ੁਰਗ ਦੀ ਯਾਦ। , ਇਸੇ ਤਰ੍ਹਾਂ ਮਾਨਵ ਸੇਵਾ ਦੇ ਕੰਮ ਕਰਕੇ ਮਨਾਉਣਾ ਉਚਿਤ ਸਮਝਿਆ ਜਾਂਦਾ ਹੈ, ਇਸ ਮੌਕੇ 30 ਸਾਲਾਂ ਤੋਂ ਜੁੜੇ ਮੈਡੀਕਲ ਕੈਂਪ ਦੇ ਇੰਚਾਰਜ ਡਾ. ਕੰਮ ਵਿੱਚ ਜੋ ਵੀ ਆਦੇਸ਼ ਦਿੱਤਾ ਜਾਂਦਾ ਹੈ, ਮੈਂ ਉਸ ਨੂੰ ਨਿਰਸਵਾਰਥਤਾ ਨਾਲ ਪੂਰਾ ਕਰਨ ਦੀ ਪੂਰੀ ਕੋਸ਼ਿਸ਼ ਕਰਦਾ ਹਾਂ।



# ਵਿਧਾਇਕ ਰਜਿੰਦਰਪਾਲ ਕੌਰ ਛੀਨਾ ਨੇ ਸਾਈਕਲ ਉਦਯੋਗ ਦੀਆਂ ਸੁਣੀਆਂ ਮੁਸ਼ਕਿਲਾਂ, ਜਲਦ ਹੱਲ ਕਰਨ ਦਾ ਵੀ ਦਿੱਤਾ ਭਰੋਸਾ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ:-** ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਸ੍ਰੀਮਤੀ ਰਜਿੰਦਰਪਾਲ ਕੌਰ ਛੀਨਾ ਵੱਲੋਂ ਸਥਾਨਕ ਏਵਨ ਸਾਈਕਲ ਲਿਮਟਿਡ ਵਿਖੇ ਸਾਈਕਲ ਉਦਯੋਗ ਨਾਲ ਸਬੰਧਤ ਉਦਯੋਗਪਤੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ ਅਤੇ ਉਨ੍ਹਾਂ ਦਾ ਜਲਦ ਹੱਲ ਕਰਨ ਦਾ ਵੀ ਭਰੋਸਾ ਦਿੱਤਾ ਗਿਆ। ਇਸ ਮੌਕੇ ਏਵਨ ਸਾਈਕਲ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਧਾਇਕ ਛੀਨਾ ਦਾ ਜ਼ੋਰਦਾਰ ਸਵਾਗਤ ਵੀ ਕੀਤਾ ਗਿਆ। ਵਿਧਾਇਕ ਸ੍ਰੀਮਤੀ ਰਜਿੰਦਰਪਾਲ ਕੌਰ ਛੀਨਾ ਨੇ ਉਦਯੋਗਪਤੀਆਂ ਨਾਨ ਗੱਲਬਾਤ ਕਰਦਿਆਂ ਵਿਸ਼ਵਾਸ਼ ਦੁਆਇਆ ਕਿ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਇੱਕ-ਇੱਕ ਕਰਕੇ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੁਧਿਆਣਾ ਸ਼ਹਿਰ ਸਾਈਕਲ ਉਦਯੋਗ ਲਈ ਵਿਸਵ ਭਰ ਵਿੱਚ ਪ੍ਰਸਿੱਧ ਹੈ ਅਤੇ ਭਾਰਤ ਦੇ ਹਰ ਕੋਨੇ ਵਿੱਚੋ ਲੋਕ ਇੱਥੇ ਆਪਣੀ ਰੋਜੀ ਰੋਟੀ ਕਮਾਉਣ ਲਈ ਆਉਂਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਾਈਕਲ ਉਦਯੋਗ ਨੂੰ ਸ਼ਿਖਰਾਂ @ਤੇ ਪਹੰਚਾਉਣ ਲਈ ਤੱਤਪਰ ਹੈ। ਵਿਧਾਇਕ ਛੀਨਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿਚ ਉਦਯੋਗਾਂ ਨੂੰ ਉਤਸ਼ਾਹਤ ਕਰਨ ਲਈ ਵਚਨਬੱਧ ਹੈ ਅਤੇ ਇਸੇ ਕਰਕੇ ਕਈ ਵੱਡੀਆਂ ਕੰਪਨੀਆਂ ਇਥੇ ਆਪਣੇ ਮੈਗਾ ਯੂਨਿਟ ਸਥਾਪਤ ਕਰਨ ਵੱਲ ਅੱਗੇ ਵੱਧ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ ਸੂਬੇ ਦੀ ਆਰਥਿਕਤਾ ਨੂੰ ਹੁਲਾਰਾ ਦੇਵੇਗਾ ਬਲਕਿ ਹਜ਼ਾਰਾਂ ਪੰਜਾਬੀ ਨੌਜਵਾਨਾਂ ਲਈ ਰੋਜ਼ਗਾਰ ਵੀ ਪੈਦਾ ਕਰੇਗਾ।

ਇਸ ਮੌਕੇ ਪ੍ਰਮੁੱਖ ਸ਼ਖਸ਼ੀਅਤਾਂ ਵਿੱਚ ਓਕਾਰ ਸਿੰਘ ਪਾਹਵਾ, ਰਿਸ਼ੀ ਪਾਹਵਾ, ਰਾਲਸਨ ਸਾਈਕਲ ਤੋਂ ਸੰਜੀਵ ਪਾਹਵਾ, ਬਿੱਗ ਬੈਨ ਸਾਈਕਲ ਤੋਂ ਜੋਗਿੰਦਰ ਸਿੰਘ ਤੋਂ ਇਲਾਵਾ ਹੋਰ ਉਦਯੋਗਪਤੀ ਵੀ ਮੌਜੂਦ ਸਨ।

# ਭਗਵਾਨ ਸ੍ਰੀ ਪਰਸੂਰਾਮ ਜੈਅੰਤੀ 3 ਮਈ ਨੂੰ ਧੂਮਧਾਮ ਨਾਲ ਮਨਾਈ ਜਾਵੇਗੀ

**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਭਗਵਾਨ ਸ਼੍ਰੀ ਪਰਸ਼ੂਰਾਮ ਜੈਯੰਤੀ ਮਨਾਉਣ ਲਈ ਸ਼੍ਰੀ ਬ੍ਰਾਹਮਣ ਸਭਾ ਸਮਰਾਲਾ ਦੀ ਮੀਟਿੰਗ ਸਥਾਨਕ ਖੰਨਾ ਰੋਡ @ਤੇ ਸਥਿਤ ਸੰਘੂ ਪੈਲੇਸ ਵਿਖੇ ਹੋਈ, ਜਿਸ ਵਿਚ ਭਗਵਾਨ ਸ਼੍ਰੀ ਪਰਸ਼ੂਰਾਮ ਦੀ ਜੈਅੰਤੀ ਮਨਾਉਣ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ 3 ਮਈ ਦਿਨ ਮੰਗਲਵਾਰ ਨੂੰ ਭਗਵਾਨ ਪਰਸ਼ੂਰਾਮ ਜੈਅੰਤੀ ਧੂਮਧਾਮ ਨਾਲ ਮਨਾਈ ਜਾਵੇਗੀ, ਜਿਸ ਵਿੱਚ ਸਵੇਰੇ 8 ਵਜੇ ਸ਼੍ਰੀ ਦੁਰਗਾ ਮੰਦਰ ਸਮਰਾਲਾ ਵਿਖੇ ਹਵਨ ਕਰਵਾਇਆ ਜਾਵੇਗਾ,ਉਸ ਦੇ ਉਪਰੰਤ ਚੰਡੀਗੜ੍ਹ ਰੋਡ ਵਿਖੇ ਬ੍ਰੈਡ ਛੋਲਿਆਂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਤੋਂ ਇਲਾਵਾ ਮੀਟਿੰਗ ਦੌਰਾਨ ਬ੍ਰਾਹਮਣ ਭਾਈਚਾਰੇ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ @ਤੇ ਸਾਰੇ ਮੈਂਬਰਾਂ ਨੇ ਸਹਿਮਤੀ ਪ੍ਰਗਟਾਈ । ਇਸ ਮੌਕੇ ਪ੍ਰਵੀਨ ਸ਼ਰਮਾ ਪ੍ਰਧਾਨ, ਪਵਨ ਸ਼ਰਮਾ ਮੀਤ ਪ੍ਰਧਾਨ, ਹਨੀਸ਼ ਕੌਸ਼ਲ, ਐਡਵੋਕੇਟ ਗਗਨਦੀਪ ਸ਼ਰਮਾ, ਬੰਟੀ ਸ਼ਰਮਾ, ਮਨੀ ਪਾਠਕ,ਯਸ਼ਪਾਲ ਗੋਪਾਲ ਮਿੰਟਾਂ, ਅਮਰ ਭੂਸ਼ਣ, ਸ਼ਿਆਮ ਦੱਤ ਸ਼ਰਮਾ, ਗੌਰਵ ਸ਼ਰਮਾ, ਵਿਪਨ ਕੁਮਾਰ, ਸ਼ਿਵ ਕੁਮਾਰ,



ਸ਼ਾਸ਼ਵਤ ਦੱਤ ਅਤਰੇ, ਰਣਦੀਪ ਸ਼ਰਮਾਂ, ਮਨੋਜ ਤਿਵਾੜੀ, ਹੈਪੀ ਸ਼ੁਕਲਾ, ਵਿਸ਼ਾਲ ਭਾਰਦਵਾਜ, ਰਾਧੇ ਸ਼ਿਆਮ ਸ਼ਰਮਾ, ਪ੍ਰੇਮ ਕੁਮਾਰ, ਮਨੋਜ ਕੁਮਾਰ ਮੋਜੀ, ਸੁਰਿੰਦਰ ਅੰਗਰੀਸ਼,ਸੰਦੀਪ ਤਿਵਾੜੀ,ਵਿਜੇ ਬੱਲੀ,ਨਵੀਨ ਤਿਵਾੜੀ, ਸੁਦੇਸ਼ ਸ਼ਰਮਾ,ਡਾ: ਯੋਗੇਸ਼ ਸ਼ਰਮਾ, ਦੀਪਕ ਭਾਰਦਵਾਜ, ਲੱਕੀ ਤਿਵਾੜੀ, ਕਮਲ ਤਿਵਾੜੀ, ਵਿੱਕੀ ਤਿਵਾੜੀ, ਨਵਨੀਤ ਸ਼ਰਮਾ, ਪੰਡਿਤ ਸਾਧੂ ਰਾਮ ਸ਼ਰਮਾ, ਮਾਸਟਰ ਤਰਸੇਮ ਲਾਲ ਸ਼ਰਮਾ, ਅਮਨ ਸ਼ਰਮਾ, ਵਿਜੇ ਕੁਮਾਰ ਭੋਲਾ,ਪੰਡਿਤ ਕੇਵਲ ਕ੍ਰਿਸ਼ਨ ਸ਼ਰਮਾ,ਅਸ਼ੋਕ ਕੁਮਾਰ ਸ਼ਰਮਾ, ਪ੍ਰਦੀਪ ਸ਼ਰਮਾ,ਮਾਸਟਰ ਨਿਰਮਲ ਸ਼ਰਮਾ,ਨਵਨੀਤ ਸ਼ਰਮਾ, ਦਿਨੇਸ਼ ਭਾਰਦਵਾਜ ਤੋਂ ਇਲਾਵਾ ਬ੍ਰਾਹਮਣ ਸਮਾਜ ਦੇ ਨੁਮਾਇੰਦੇ ਹਾਜ਼ਰ ਸਨ

# ਬਰਨਾਲਾ ਮੁੱਲਾਂਪੁਰ ਰੇਲ ਲਾਈਨ ਲਈ ਸਰਵੇਖਣ ਹੋਵੇਗਾ ਜਲਦ ਸ਼ੁਰੂ - ਐਮ.ਪੀ. ਡਾ. ਅਮਰ ਸਿੰਘ



**ਰਾਏਕੋਟ/ਗੁਰਭਿੰਦਰ ਗੁਰੀ**

ਡਾ. ਅਮਰ ਸਿੰਘ ਸੰਸਦ ਮੈਂਬਰ ਸ਼੍ਰੀ ਫਤਹਿਗੜ੍ਹ ਸਾਹਿਬ ਨੇ ਬੀਤੇ ਕੱਲ੍ਹ ਦਿੱਲੀ ਵਿਖੇ ਰਾਏਕੋਟ ਨੂੰ ਰੇਲ ਲਾਈਨ ਨਾਲ ਜੋੜਨ ਸਬੰਧੀ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨਾਲ ਮੁਲਾਕਾਤ ਕੀਤੀ।

ਰੇਲ ਮੰਤਰੀ ਨੇ ਡਾ: ਸਿੰਘ ਨੂੰ ਦੱਸਿਆ ਕਿ ਰੇਲਵੇ ਨੇ ਰਾਏਕੋਟ ਨੂੰ ਰੇਲ ਲਿੰਕ ਨਾਲ ਜੋੜਨ ਲਈ ਇੱਕ ਸੰਭਾਵਨਾ ਸਰਵੇਖਣ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਸਰਵੇਖਣ ਨੂੰ ਆਉਂਦੇ ਮਹੀਨਿਆਂ ਵਿੱਚ ਮਨਜ਼ੂਰੀ ਦੇ ਦਿੱਤੀ ਜਾਵੇਗੀ ਅਤੇ ਮੁੱਲਾਂਪੁਰ-ਰਾਏਕੋਟ-ਬਰਨਾਲਾ ਵਿਚਕਾਰ ਨਵੀਂ ਰੇਲ ਲਾਈਨ ਦੀ ਸੰਭਾਵਨਾ ਦਾ ਨਿਰੀਖਣ ਕੀਤਾ ਜਾਵੇਗਾ।

ਇੱਥੇ ਜਿਕਰਯੋਗ ਹੈ ਕਿ ਡਾ. ਅਮਰ ਸਿੰਘ 2019 ਵਿਚ ਸੰਸਦ ਮੈਂਬਰ ਬਣਨ ਤੋਂ ਬਾਅਦ ਰਾਏਕੋਟ ਦੇ ਰੇਲ ਲਿੰਕ ਦਾ ਮੁੱਦਾ ਲਗਾਤਾਰ ਉਠਾਉਂਦੇ ਆ ਰਹੇ ਹਨ ਅਤੇ ਇਸ ਸਬੰਧੀ ਲੋਕ ਸਭਾ ਵਿਚ ਕਈ ਵਾਰ ਬੋਲ ਚੁੱਕੇ ਹਨ ਅਤੇ ਰੇਲ ਮੰਤਰੀ ਸਮੇਤ ਰੇਲਵੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਕਈ ਦੌਰ ਦੀਆਂ ਮੀਟਿੰਗਾਂ ਵੀ ਕਰ ਚੁੱਕੇ ਹਨ। ਮੀਟਿੰਗ ਦੌਰਾਨ ਉਨ੍ਹਾਂ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਬੁਲਾਰੇ ਕਾਮਿਲ ਅਮਰ ਸਿੰਘ ਵੀ ਮੌਜੂਦ ਸਨ।

# ਹਲਕਾ ਗਿੱਲ ਵਿਧਾਇਕ ਜੀਵਨ ਸਿੰਘ ਸੰਗੋਵਾਲ ਵੱਲੋਂ ਪਿੰਡ ਜੱਸੀਆਂ 'ਚ ਸੀਵਰੇਜ਼ ਪਾਉਣ ਦੇ ਕੰਮ ਦਾ ਉਦਘਾਟਨ



**ਲੁਧਿਆਣਾ/ਸੁਖਚੈਨ ਮਹਿਰਾ**

ਹਲਕਾ ਗਿੱਲ ਵਿਧਾਇਕ ਸ. ਜੀਵਨ ਸਿੰਘ ਸੰਗੋਵਾਲ ਵੱਲੋਂ ਅੱਜ ਪਿੰਡ ਜੱਸੀਆਂ ਦੇ ਸੀਵਰੇਜ਼ ਤੇ ਗਲੀ ਦੇ ਕੰਮ ਦਾ ਨੀਂਹ ਪੱਥਰ ਰੱਖਣ ਉਪਰੰਤ ਉਦਘਾਟਨ ਕੀਤਾ ਗਿਆ ਹੈ। ਇਸ ਪ੍ਰੋਜੈਕਟ @ਤੇ ਕਰੀਬ 30 ਲੱਖ ਰੁਪਏ ਦੀ ਲਾਗਤ ਆਵੇਗੀ। ਇਸ ਮੌਕੇ ਉਨ੍ਹਾਂ ਨਾਲ ਸੰਯੁਕਤ ਸਕੱਤਰ ਪੰਜਾਬ ਸ. ਗੁਰਜੀਤ ਸਿੰਘ ਗਿੱਲ, ਬੀ.ਡੀ.ਓ ਸ.ਮਲਕੀਤ ਸਿੰਘ ਭੱਟੀ, ਸਕੱਤਰ ਸ. ਬਲਦੇਵ ਸਿੰਘ, ਜੇ.ਈ. ਸ੍ਰੀ ਵਿਪਨ ਕੁਮਾਰ ਅਤੇ ਸਰਪੰਚ ਸ. ਹਰਜੀਤ ਸਿੰਘ ਵਿਸ਼ੇਸ਼ ਤੌਰ @ਤੇ ਸ਼ਾਮਲ ਸਨ। ਵਿਧਾਇਕ ਸ. ਜੀਵਨ ਸਿੰਘ ਸੰਗੋਵਾਲ ਨੇ ਉਦਘਾਟਨ ਮੌਕੇ ਕਿਹਾ ਕਿ ਵਿਕਾਸ ਪੱਖੋਂ ਪੱਛੜੇ ਪਿੰਡਾਂ ਦੇ ਵਿਕਾਸ ਲਈ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬੇਹੱਦ ਸੰਵੇਦਨਸ਼ੀਲ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਸਨੀਕਾ ਨੂੰ ਮੁੱਢਲੀਆਂ ਸਹੁਲਤਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ ਜਿਸਦੇ ਤਹਿਤ ਅੱਜ ਗਰੀਨ ਇੰਨਕਲੇਵ ਤੋਂ ਸੰਨ ਸਿਟੀ ਅਤੇ ਈਸਟ ਗਾਰਡਨ ਜੱਸੀਆਂ ਤੱਕ ਸੀਵਰੇਜ਼ ਤੇ ਗਲੀ ਦੇ ਕੰਮ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਕੰਮ @ਤੇ ਕਰੀਬ 30 ਲੱਖ ਰੁਪਏ ਦੀ ਲਾਗਤ ਆਵੇਗੀ। ਵਿਧਾਇਕ ਸੰਗੋਵਾਲ ਨੇ ਕਿਹਾ ਕਿ ਹਲਕੇ ਦੇ ਵਸਨੀਕਾਂ ਵੱਲੋਂ ਉਨ੍ਹਾਂ @ਤੇ ਵਿਸ਼ਵਾਸ਼ ਜਤਾਉਂਦਿਆਂ ਵਿਧਾਨ ਸਭਾ ਚੋਣਾਂ ਵਿੱਚ ਇੱਕ ਵੱਡੇ ਫਰਕ ਨਾਲ ਸੀਟ ਉਨ੍ਹਾਂ ਦੀ ਝੋਲੀ ਪਾਈ ਹੈ। ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਵਸਨੀਕਾਂ ਦੀਆਂ ਉਮੀਦਾਂ @ਤੇ ਪੂਰਾ ਉਤਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ। ਪਿੰਡ ਦੇ ਸਰਪੰਚ ਸ. ਹਰਜੀਤ ਸਿੰਘ ਅਤੇ ਪਿੰਡ ਦੇ ਵਸਨੀਕਾਂ ਵੱਲੋਂ ਪਿੰਡ ਪਹੁੰਚਣ @ਤੇ ਆਪਣੇ ਹਰਮਨ ਪਿਆਰੇ ਵਿਧਾਇਕ ਸ. ਜੀਵਨ ਸਿੰਘ ਸੰਗੋਵਾਲ ਦਾ ਦਿਲ ਦੀਆਂ ਗਹਿਰਾਈਆਂ ਤੋਂ ਸਵਾਗਤ ਅਤੇ ਧੰਨਵਾਦ ਕੀਤਾ ਗਿਆ। ਸਰਪੰਚ ਸ. ਹਰਜੀਤ ਸਿੰਘ ਨੇ ਦੱਸਿਆ ਕਿ ਵਿਧਾਇਕ ਸੰਗੋਵਾਲ ਵੱਲੋਂ ਪਿੰਡ ਵਾਲਿਆਂ ਦੀ ਚਿਰੋਕਣੀ ਮੰਗ ਨੂੰ ਪੂਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਸੰਗੋਵਾਲ ਵੱਲੋਂ ਆਪਣੀ ਅਣਥੱਕ ਮਿਹਨਤ ਸਦਕਾ ਹਲਕੇ ਦੀ ਨੁਹਾਰ ਬਦਲੀ ਜਾ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਜਸਮਨ ਸਿੰਘ ਗਿੱਲ, ਵਰਿੰਦਰ ਸਿੰਘ ਜੱਸੀਆਂ, ਸੁਮਿਤ, ਦਵਿੰਦਰ ਪਾਲ ਸਿੰਘ, ਲਾਡੀ, ਜਸਵਿੰਦਰ ਸਿੰਘ ਜੱਸੀ, ਗੁਰਪ੍ਰੀਤ ਸਿੰਘ ਲੰਬੜਦਾਰ, ਹਰਜਿੰਦਰ ਸਿੰਘ ਜੱਸੀਆਂ ਅਤੇ ਪਿੰਡ ਦੇ ਵਸਨੀਕ ਵੀ ਹਾਜ਼ਰ ਸਨ।

# ਨਗਰ ਕੌਂਸਲ ਦੀ ਮੀਟਿੰਗ 'ਚ ਸਾਲ 2022-23 ਲਈ 10.05 ਕਰੋੜ ਦਾ ਬਜਟ ਪਾਸ



**ਰਾਏਕੋਟ/ਗੁਰਭਿੰਦਰ ਗੁਰੀ**

ਨਗਰ ਕੌਂਸਲ ਰਾਏਕੋਟ ਦੀ ਸਲਾਨਾ ਬਜ਼ਟ ਮੀਟਿੰਗ ਸਥਾਨਕ ਕੌਂਸਲ ਦਫਤਰ ਵਿੱਚ ਪ੍ਰਧਾਨ ਸੁਦਰਸ਼ਨ ਜੋਸ਼ੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਈ.ਓ ਅਮਰਿੰਦਰ ਸਿੰਘ ਤੋਂ ਇਲਾਵਾ ਸ਼ਹਿਰ ਦੇ ਵੱਖ ਵੱਖ ਵਾਰਡਾਂ ਦੇ ਕੌਂਸਲਰ ਅਤੇ ਕੌਂਸਲ ਅਧਿਕਾਰੀ ਵੀ ਮੌਜੂਦ ਸਨ। ਮੀਟਿੰਗ ਦੀ ਕਾਰਵਾਈ ਸਬੰਧੀ ਈ.ਓ ਅਮਰਿੰਦਰ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਸਾਲ 2022-23 ਲਈ ਨਗਰ ਕੌਂਸਲ ਦਾ ਅਨੁਮਾਨਿਤ ਬਜ਼ਟ ਪੇਸ਼ ਕੀਤਾ ਗਿਆ, ਜਿਸ ਵਿੱਚ ਸਾਲ 2022-23 ਲਈ 1005.66 ਲੱਖ ਦੀ ਅਨੁਮਾਨਿਤ ਆਮਦਨ ਦਾ ਟੀਚਾ ਰੱਖਿਆ ਗਿਆ ਜੋ ਕਿ ਪਿਛਲੇ ਸਾਲ 2021-22 ਲਈ ਰੱਖੀ ਗਈ ਅਨੁਮਾਨਿਤ 840 ਲੱਖ ਦੀ ਆਮਦਨ ਦੇ ਟੀਚੇ ਨਾਲੋਂ 1.65 ਕਰੋੜ ਰੁਪਏ ਜ਼ਿਆਦਾ ਹੈ। ਪੇਸ਼ ਕੀਤੇ ਗਏ ਬਜਟ ਵਿੱਚ ਸਭ ਤੋਂ ਵੱਧ ਆਮਦਨ ਦਾ ਟੀਚਾ 560 ਲੱਖ ਰੁਪਏ ਚੁੰਗੀ ਅਤੇ ਵੈਟ ਦੀ ਆਮਦਨ ਤੋਂ ਰੱਖਿਆ ਗਿਆ ਹੈ ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਲਗਭਗ 91 ਲੱਖ ਰੁਪਏ ਜ਼ਿਆਦਾ ਹੈ। ਜਦਕਿ ਪ੍ਰਾਪਰਟੀ ਟੈਕਸ ਤੋਂ ਪਿਛਲੇ ਸਾਲ ਦੇ ਬਰਾਬਰ ਹੀ 60 ਲੱਖ ਦਾ ਟੀਚਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਐਕਸਾਈਜ ਡਿਊਟੀ ਤੋਂ ਹੋਣ ਵਾਲੀ ਆਮਦਨ ਦਾ ਟੀਚਾ 80 ਲੱਖ ਰੁਪਏ ਰੱਖਿਆ ਗਿਆ ਹੈ । ਇਸ ਤੋਂ ਇਲਾਵਾ ਵਾਟਰ ਸਪਲਾਈ ਅਤੇ ਸੀਵਰੇਜ, ਬਿਲਡਿੰਗ ਐਪਲੀਕੇਸ਼ਨ ਫੀਸ, ਐਡਵਰਟਾਈਜਮੈਂਟ ਟੈਕਸ ਸਮੇਤ ਹੋਰ ਸਾਧਨਾਂ ਤੋਂ ਹੋਣ ਵਾਲੀ ਆਮਦਨ ਵੀ ਇਸ ਟੀਚੇ ਨੂੰ ਹਾਸਲ ਕਰਨ ਵਿੱਚ ਸ਼ਾਮਲ ਕੀਤੀ ਗਈ ਹੈ। ਕੌਂਸਲ ਵਲੋਂ ਸਾਲ 2022-23 ਦੌਰਾਨ 1005.66 ਲੱਖ ਦੀ ਅਨੁਮਾਨਿਤ ਆਮਦਨ ਅਤੇ 1002.54 ਲੱਖ ਦੇ ਅਨੁਮਾਨਿਤ ਖਰਚਿਆਂ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਮੀਟਿੰਗ ਵਿੱਚ ਕੌਂਸਲ ਵਲੋਂ ਉਸਾਰੇ ਗਏ ਸ਼ਹੀਦ ਭਗਤ ਸਿੰਘ ਕਮਿਊਨਟੀ ਹਾਲ ਦੇ ਰੱਖ ਰਖਾਵ ਲਈ ਇੱਕ ਕਮੇਟੀ ਬਣਾਉਣ ਅਤੇ ਕੌਂਸਲ ਦਫਤਰ ਦੀ ਬੈਕ ਸਾਈਡ ਤੇ ਉਸਾਰੀ ਗਈ ਵਾਹਨ ਪਾਰਕਿੰਗ ਨੂੰ ਵੀ ਠੇਕੇ 'ਤੇ ਦੇਣ ਦਾ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਪ੍ਰਧਾਨ ਸੁਦਰਸ਼ਨ ਜੋਸ਼ੀ ਤੋਂ ਇਲਾਵਾ ਈ.ਓ ਅਮਰਿੰਦਰ ਸਿੰਘ, ਰਾਜੇਸ਼ ਕੁਮਾਰ, ਸੁਕੇਸ਼ ਕੁਮਾਰ, ਵਾਈਸ ਪ੍ਰਧਾਨ ਸ੍ਰੀਮਤੀ ਰਣਜੀਤ ਕੌਰ, ਕੌਂਸਲਰ ਕਮਲਜੀਤ ਵਰਮਾਂ, ਰਜਿੰਦਰ ਰਾਜੂ, ਗੁਰਦਾਸ ਮਾਨ, ਸੁਖਵਿੰਦਰ ਸਿੰਘ ਗਰੇਵਾਲ, ਗੁਰਜੰਟ ਸਿੰਘ, ਮੁਹੰਮਦ ਇਮਰਾਨ ਖਾਨ, ਬਲਜਿੰਦਰ ਸਿੰਘ ਰਿੰਪਾ, ਸ੍ਰੀਮਤੀ ਉਮਾ ਰਾਣੀ, ਸ੍ਰੀਮਤੀ ਮਨਜੀਤ ਕੌਰ, ਸ੍ਰੀਮਤੀ ਵਿਜੇ ਕੁਮਾਰੀ, ਸ੍ਰੀਮਤੀ ਸ਼ਰਨਜੀਤ ਕੌਰ, ਸ੍ਰੀਮਤੀ ਜਸਵੀਰ ਕੌਰ, ਸ੍ਰੀਮਤੀ ਸੁਖਵਿੰਦਰ ਕੌਰ (ਸਾਰੇ ਕੌਂਸਲਰ) ਆਦਿ ਮੌਜੂਦ ਸਨ।

ਰੋਜ਼ਾਨਾ ਲੋਕ ਬਾਣੀ

## ਡਾਕਟਰ ਸੰਦੀਪ ਭੋਲਾ ਦੇ ਡਿਪਟੀ ਮੈਡੀਕਲ ਕਮਿਸ਼ਨਰ ਬਨਣ ਤੇ ਕੁਲਦੀਪ ਸਿੰਘ ਨੇ ਕੀਤਾ ਸਿਰਪਾਓ ਦੇਕੇ ਕੀਤਾ ਸਨਮਾਨਿਤ

**ਕਪੂਰਥਲਾ/ਪਰਮਜੀਤ ਸੰਨੀ**

ਨਸ਼ਾ ਵਿਰੋਧੀ ਮੰਚ ਦੇ ਚੇਅਰਮੈਨ ਅਤੇ ਸਿਵਲ ਹਸਪਤਾਲ ਕਪੂਰਥਲਾ ਦੇ ਨਾਮੀ ਡਾਕਟਰ ਸੰਦੀਪ ਭੋਲਾ ਦੇ ਡਿਪਟੀ ਮੈਡੀਕਲ ਕਮਿਸ਼ਨਰ ਬਨਣ ਤੇ ਉਨ੍ਹਾਂਨੂੰ ਹਾਰਦਿਕ ਸ਼ੁਭ ਕਾਮਨਾਵਾਂ ਦਿੰਦੇ ਹੋਏ ਸੀਨੀਅਰ ਕਾਂਗਰਸੀ ਆਗੂ ਕੁਲਦੀਪ ਸਿੰਘ ਵਲੋਂ ਸਿਰਪਾਓ ਤੇ ਫੂਲਾਂ ਦਾ ਬੁਗਾ ਭੇਂਟ ਕਰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤੇਕੁਲਦੀਪ ਸਿੰਘ ਨੇ ਕਿਹਾ ਕਿ ਡਾ.ਸੰਦੀਪ ਭੋਲਾ ਡਾਕਟਰੀ ਪੇਸ਼ੇ ਦੇ ਨਾਲ ਨਾਲ ਨੌਜਵਾਨਾਂ ਨੂੰ ਨਸ਼ੇ ਤੋਂ ਛੁਟਕਾਰਾ ਦਵਾਉਣ ਦੇ ਲਈ ਪੂਰੀ ਤਨਦੇਹੀ ਨਾਲ ਕਾਰਜ ਕਰ ਰਹੇ ਹਨ।ਕੁਲਦੀਪ ਸਿੰਘ ਨੇ ਕਿਹਾ ਕਿ ਡਾ:ਸੰਦੀਪ ਭੋਲਾ ਆਪਣੀ ਸਰਕਾਰੀ ਡਿਊਟੀ ਨਿਭਾਉਣ ਦੇ ਨਾਲ-ਨਾਲ ਨਸ਼ੇ ਦੇ ਮਰੀਜ਼ਾਂ ਨੂੰ ਮਾਨਸਿਕ ਤੌਰ ਤੇ ਤੰਦਰੁਸਤ ਬਣਾਉਣ ਲਈ ਵਿੱਚ ਜੁਟੇ ਹਨ।ਮਾਨਸਿਕ ਰੋਗਾ ਦੇ ਮਾਹਿਰ ਡਾ.ਸੰਦੀਪ ਭੋਲਾ ਨੂੰ ਸਿਵਲ ਹਸਪਤਾਲ ਕਪੂਰਥਲਾ ਵਿੱਚ ਪੰਜਾਬ ਦਾ ਪਹਿਲਾ ਨਸ਼ਾਮੁਕਤੀ ਕੇਂਦਰ ਸ਼ੁਰੂ ਕਰਣ ਦਾ ਸਿਹਰਾ ਜਾਂਦਾ ਹੈ।ਉਹ ਆਪਣੀ ਇਸ ਡਿਊਟੀ ਕਾਰਜ ਦੇ ਇਲਾਵਾ ਬਚਦੇ ਸ਼ਮੇ ਵਿੱਚ ਨਸ਼ਾ ਵਿਰੋਧੀ ਮੰਚ ਅਤੇ ਦੋ ਐਨ.ਜੀ.ਓਜ਼ ਨਾਲ ਮਿਲ ਕੇ ਨਾ ਸਿਰਫ ਅਣਗਿਣਤ ਸੈਂਕੜੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਤੋਂ ਛੁਟਕਾਰਾ ਹੀ ਨਹੀਂ ਦਿਵਾਇਆ ਸਗੋਂ ਕਈ ਸਾਲਾਂ ਤੋਂ ਉਜੜ ਚੁੱਕੇ ਸੈਂਕੜੇ ਘਰਾਂ ਨੂੰ ਵਸਾਉਣ ਵਿੱਚ ਵੀ ਲੱਗੇ ਹੋਏ ਹਨ।ਡਾ:ਸੰਦੀਪ ਭੋਲਾ ਨੇ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਮਾਡਰਨ ਜੇਲ੍ਹ ਵਿੱਚ ਕੈਦੀਆਂ ਵਲੋਂ ਕੀਤੀ ਜਾ ਰਹੀ ਆਤਮਹੱਤਿਆ ਦੇ ਮਾਮਲੇ ਵਿੱਚ ਵੀ ਵਿਸ਼ੇਸ਼ ਰਿਸਰਚ ਕੀਤੀ ਹੈ।ਡਾ:ਭੋਲਾ ਨੇ ਮਾਡਰਨ ਜੇਲ੍ਹ ਕਪੂਰਥਲਾ ਵਿੱਚ 150 ਦੇ ਕਰੀਬ ਅਜਿਹੇ ਕੈਦੀਆਂ ਦੀ ਸ਼ਨਾਖਤ ਕੀਤੀ ਜੋ ਕਿਸੇ ਤਣਾਅ ਕਾਰਨ ਖ਼ੁਦਕੁਸ਼ੀ ਕਰ ਸਕਦੇ ਸਨ।ਅਜਿਹੇ ਮਰੀਜ਼ਾਂ ਅਤੇ ਕੈਦੀਆਂ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਬੁਲਾ ਕੇ ਉਨ੍ਹਾਂ ਦੀ ਵਿਸ਼ੇਸ਼ ਕਾਊਂਸਲਿੰਗ ਕੀਤੀ।

# ਕਾਵਾਂ ਵਾਲਾ ਟੋਲ ਪਲਾਜਾ ਕਿਸਾਨਾਂ ਨੇ ਕੀਤਾ ਬੰਦ,ਆਮ ਲੋਕਾਂ ਤੇ ਕਿਸਾਨਾਂ ਤੋਂ ਜਬਰਦਸਤੀ ਵਸੂਲਦੇ ਸਨ ਦੁਗਣੇ ਪੈਸੇ-ਸੁੱਖ ਗਿੱਲ ਜਿਲ੍ਹਾ ਪ੍ਰਧਾਨ ਬੀ ਕੇ ਯੂ ਪੰਜਾਬ

## ਡੀ.ਐਸ.ਪੀ ਸ਼ਾਹਕੋਟ ਨੂੰ ਦਿੱਤਾ ਮੰਗ ਪੱਤਰ,ਮੰਗਾਂ ਮੰਨਣ ਤੇ ਚੁੱਕਿਆ ਧਰਨਾ

**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਅੱਜ ਭਾਰਤੀ ਕਿਸਾਨ ਯੂਨੀਅਨ ਪੰਜਾਬ ਸੂਬਾ ਪ੍ਰਧਾਨ ਫਰਮਾਨ ਸਿੰਘ ਸੰਧੂ ਦੇ ਹੁਕਮਾਂ ਤੇ ਯੂਥ ਵਿੰਗ ਜ਼ਿਲ੍ਹਾ ਪ੍ਰਧਾਨ ਸੁੱਖ ਗਿੱਲ ਤੋਤਾ ਸਿੰਘ ਵਾਲਾ ਅਤੇ ਜਥੇਬੰਦੀ ਦੇ ਆਗੂਆਂ ਵੱਲੋਂ ਕਾਵਾਂ ਵਾਲਾ (ਕਮਾਲ ਕੇ) ਟੋਲ ਪਲਾਜ਼ਾ ਧਰਨਾ ਲਾ ਕੇ ਬੰਦ ਕੀਤਾ ਗਿਆ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਸੁੱਖ ਗਿੱਲ ਤੋਤਾ ਸਿੰਘ ਵਾਲਾ ਨੇ ਕਿਹਾ ਕੇ ਕਾਵਾਂ ਵਾਲੇ ਟੋਲ ਪਲਾਜ਼ਾ ਦੇ ਮੈਨੇਜਰ ਅਤੇ ਸਟਾਫ ਵੱਲੋਂ ਆਮ ਲੋਕਾਂ ਤੋਂ ਹਰ ਰੋਜ਼ ਦੁੱਗਣਾ ਟੋਲ ਪਲਾਜ਼ਾ ਵਸੂਲਿਆ ਜਾਂਦਾ ਸੀ ਅਤੇ 20 ਕਿਲੋਮੀਟਰ ਦੇ ਦਾਇਰੇ ਵਾਲੇ ਲੋਕਾਂ ਤੋਂ ਵੀ ਬਿਨਾਂ ਪਾਸ ਬਣਾਏ ਧੱਕੇ ਨਾਲ ਪੈਸੇ ਵਸੂਲੇ ਜਾਂਦੇ ਸਨ ਅਤੇ ਟੋਲ ਪਲਾਜ਼ਾ ਦੇ ਮੈਨੇਜਰ ਵੱਲੋਂ ਆਮ ਲੋਕਾਂ ਨਾਲ ਸਹੀ ਵਿਹਾਰ ਨਾ ਕਰਨ ਅਤੇ ਕਿਸਾਨ ਜਥੇਬੰਦੀਆਂ ਦੇ ਆਪਣੇ ਮੈਂਬਰਾਂ ਅਤੇ ਅਹੁਦੇਦਾਰਾਂ ਦੇ ਬਣਾਏ ਕਾਰਡ ਟੋਲ ਪਲਾਜ਼ੇ ਦੇ ਮੈਨੇਜਰ ਵੱਲੋਂ ਨਾ ਚਲਾਏ ਜਾਣ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਜਿਲ੍ਹਾ ਪ੍ਰਧਾਨ ਸੁੱਖ ਗਿੱਲ ਤੋਤਾ ਸਿੰਘ ਵਾਲਾ ਅਤੇ ਆਗੂਆਂ ਵੱਲੋਂ ਅੱਜ ਮਿਤੀ 30 ਅਪ੍ਰੈਲ ਨੂੰ ਸਵੇਰੇ 10 ਵਜੇ ਤੋਂ ਲੈ ਕੇ 12 ਵਜੇ ਤੱਕ ਟੋਲ ਪਲਾਜ਼ਾ ਬੰਦ ਕੀਤਾ ਗਿਆ ਅਤੇ ਦੋ ਘੰਟੇ ਲੋਕਾਂ ਨੂੰ ਟੋਲ ਪਲਾਜਾ ਤੋਂ ਫਰੀ ਲੰਗਾਇਆ ਗਿਆ ਅਤੇ ਟੋਲ ਸਟਾਫ਼ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ,ਇਸ ਸਮੇਂ ਐਸ.ਐਚ.ਓ ਕਸ਼ਮੀਰ ਸਿੰਘ ਸ਼ਾਹਕੋਟ ਤੇ ਡੀ.ਐੱਸ.ਪੀ ਜਸਵਿੰਦਰ ਸਿੰਘ ਸ਼ਾਹਕੋਟ ਮੌਕੇ ਤੇ ਪਹੁੰਚੇ ਅਤੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂਆਂ ਵੱਲੋਂ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ ਗਿਆ,ਮੌਕੇ ਤੇ ਹੀ ਡੀ.ਐਸ.ਪੀ ਸ਼ਾਹਕੋਟ ਨੇ ਭਰੋਸਾ ਦਿਵਾਇਆ ਗਿਆ ਅਤੇ ਜਥੇਬੰਦੀ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ,ਇਸ ਉਪਰੰਤ ਕਿਸਾਨ ਜਥੇਬੰਦੀ ਦੇ ਆਗੂਆਂ ਵੱਲੋਂ ਧਰਨਾ ਸਮਾਪਤ ਕਰ ਕੇ ਟੌਲ ਪਲਾਜ਼ਾ ਚਾਲੂ ਕਰਵਾ ਦਿੱਤਾ ਗਿਆ,ਇਸ ਮੌਕੇ ਕਿਸਾਨ ਆਗੂ ਸੁੱਖ ਗਿੱਲ ਤੋਤਾ ਸਿੰਘ ਵਾਲਾ ਨੇ ਜਾਣਕਾਰੀ ਦਿੱਤੀ ਕੇ ਉਹਨਾਂ ਵੱਲੋਂ ਸਿਰਫ਼ ਟੋਲ ਪਲਾਜ਼ਾ ਬੰਦ ਕੀਤਾ ਗਿਆ ਸੀ ਨਾ ਕਿ ਲੋਕਾਂ ਦੇ ਲੰਘਣ ਦਾ ਰਸਤਾ,ਜਿੰਨਾ ਚਿਰ ਧਰਨਾ ਲੱਗਾ ਰਿਹਾ,ਆਮ ਲੋਕਾਂ ਦੇ ਲੰਘਣ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ,ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਜਥੇਬੰਦੀ ਦੇ ਗੁਰਮੇਲ ਸਿੰਘ ਗੋਲਾ,ਗੁਰਚਰਨ ਸਿੰਘ ਰਸੂਲਪੁਰ,ਸੰਦੀਪ ਸਿੰਘ ਪੰਡੋਰੀ,ਸਤਨਾਮ ਸਿੰਘ ਲੋਹਗੜ,ਕੁਲਵਿੰਦਰ ਕਿੰਦਾ ਦਾਤੇਵਾਲਾ,ਕਾਰਜ ਸਿੰਘ ਮਸੀਤਾਂ ਬਲਵੀਰ ਸਿੰਘ ਸੰਗਲਾ,ਸੋਨੂੰ ਨਸੀਰੇਵਾਲਾ,ਡਾ ਪੰਡੋਰੀ,ਸੁੱਖ ਸੰਧੂ ਕੋਟ ਈਸੇ ਖਾਂ,ਗੁਰਵਿੰਦਰ ਕੋਟ ਈਸੇ ਖਾਂ,ਸੁਖਦੇਵ ਇੰਦਗਡ ?, ਭੁਪਿੰਦਰ ਬਾਬਾ ਰਸੂਲਪੁਰ, ਕੋਮਲਾ ਧਰਮਕੋਟ,ਵੀਰਪਾਲ ਕੌਰ ਲੋਹਗੜ ਇਕਾਈ ਪ੍ਰਧਾਨ, ਮਨਜੀਤ ਕੌਰ ਕੋਟ ਈਸੇ ਖਾਂ ਇਕਾਈ ਪ੍ਰਧਾਨ,ਗੁਰਜੀਤ ਕੌਰ ਕੋਟ ਈਸੇ ਖਾਂ ਇਕਾਈ ਪ੍ਰਧਾਨ,ਗੁਰਪ੍ਰੀਤ ਕੌਰ ਇਕਾਈ ਪ੍ਰਧਾਨ ਬੀਬੀਆਂ ਅਤੇ ਨੇੜਲੇ ਪਿੰਡਾਂ ਦੇ ਕਿਸਾਨ ਵੀ ਹਾਜ਼ਰ ਸਨ!



ਰੋਜ਼ਾਨਾ ਲੋਕ ਬਾਣੀ

# ਰੈਸਟ ਹਾਊਸ ਵਾਲੀ ਖਾਲੀ ਪਈ ਥਾਂ ਨੂੰ ਗ੍ਰੀਨ ਬੈਲਟ ਬਣਾਉਣ ਲਈ ਵੱਖ ਵੱਖ ਸੰਸਥਾਵਾਂ ਹੋਈਆਂ ਇੱਕਜੁੱਟ

## ਸਾਰੀਆਂ ਸੰਸਥਾਵਾਂ ਦੀ ਇੱਕ ਸਾਂਝੀ ਕਮੇਟੀ ਬਣਾ ਕੇ ਜਲਦੀ ਪਾਇਆ ਜਾਵੇਗਾ ਮਤਾ- ਪ੍ਰਧਾਨ ਬਾਲਿਓਂ

**ਸਮਰਾਲਾ/ਭੂਸ਼ਨ ਬਾਂਸਲ/ਸੁਨੀਲ ਅਗਰਵਾਲ**

ਅੱਜ ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਸਮਰਾਲਾ ਦੇ ਸੱਦੇ ਉੱਤੇ ਸ਼ਹਿਰ ਦੀਆਂ ਵੱਖ ਵੱਖ ਰਾਜਨੀਤਿਕ, ਧਾਰਮਿਕ, ਸਮਾਜਿਕ, ਵਿੱਦਿਅਕ, ਸਮਾਜਸੇਵੀ, ਸਾਹਿਤਕ, ਦੁਕਾਨਦਾਰਾਂ ਦੀਆਂ ਐਸੋਸੀਏਸ਼ਨਾਂ ਅਤੇ ਹੋਰ ਅਗਾਂਹਵਧੂ ਜਥੇਬੰਦੀਆਂ ਦੇ ਆਹੁਦੇਦਾਰਾਂ ਦੀ ਇਕ ਵਿਸ਼ੇਸ਼ ਇਕੱਤਰਤਾ ਸਥਾਨਕ ਭਾਰਤੀ ਪੈਲੇਸ ਖੰਨਾ ਰੋਡ ਸਮਰਾਲ਼ਾ ਵਿਖੇ ਕੀਤੀ ਗਈ। ਇਸ ਇਕੱਤਰਤਾ ਵਿੱਚ ਸਮਰਾਲ਼ਾ ਸ਼ਹਿਰ ਦੀ ਬਿਹਤਰੀ ਲਈ ਅਤੇ ਖਾਸਕਰ ਐਸ.ਡੀ.ਐਮ. ਦਫ਼ਤਰ ਅਤੇ ਸਿਵਲ ਹਸਪਤਾਲ ਕੋਲ਼ ਖੰਡਰ ਦਾ ਰੂਪ ਧਾਰ ਰਹੇ ਪੁਰਾਣੇ ਰੈਸਟ ਹਾਊਸ ਦਾ ਨਵੀਨੀਕਰਨ ਕਰਕੇ, ਇਸ ਸਥਾਨ ਨੂੰ ਗ੍ਰੀਨ ਬੈਲਟ/ ਬਾਗ਼/ਪਾਰਕ ਵਜੋਂ ਵਿਕਸਤ ਕਰਨ ਲਈ ਵਿਚਾਰ ਚਰਚਾ ਕੀਤੀ ਗਈ। ਚਰਚਾ ਵਿੱਚ ਸਭ ਤੋਂ ਪਹਿਲਾਂ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਦੇ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ ਨੇ ਦੱਸਿਆ ਕਿ ਇਹ ਜਗ੍ਹਾ ਬਲਾਕ ਸੰਮਤੀ ਦੀ ਮਾਲਕੀ ਅਧੀਨ ਹੈ ਅਤੇ ਕਿਸੇ ਸਮੇਂ ਇਸ ਥਾਂ ਉੱਤੇ ਰੈਸਟ ਹਾਊਸ ਬਣਿਆ ਹੋਇਆ ਸੀ। ਜਿਸ ਦੀ ਪੁਰਾਣੀ ਇਮਾਰਤ ਅਜੇ ਵੀ ਮੌਜੂਦ ਹੈ। ਇਸ ਨੂੰ ਸਾਂਭਿਆ ਜਾਣਾ ਅਤਿ ਜ਼ਰੂਰੀ ਹੈ। ਫਰੰਟ ਦੇ ਚੇਅਰਮੈਨ ਸੁਦੇਸ਼ ਸ਼ਰਮਾ ਨੇ ਵੀ ਇਸ ਥਾਂ ਦੇ ਪਿਛੋਕੜ ਬਾਰੇ ਹਾਜ਼ਰੀਨ ਨੂੰ ਜਾਣੂ ਕਰਵਾਇਆ। ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇਚਾਰਜ ਪਰਮਜੀਤ ਸਿੰਘ ਢਿੱਲੋਂ ਨੇ ਵਿਸ਼ਵਾਸ਼ ਦਿਵਾਇਆ ਕਿ ਇਸ ਥਾਂ ਨੂੰ ਗ੍ਰੀਨ ਬੈਲਟ ਦੇ ਤੌਰ 'ਤੇ ਸਾਂਭਣ ਲਈ ਜੋ ਵੀ ਖਰਚਾ ਆਵੇਗਾ ਉਹ ਸਾਰਾ ਆਪਣੇ ਪੱਲਿਓਂ ਕਰਨ ਲਈ ਤਿਆਰ ਹਨ। ਬੱਸ ਫਰੰਟ ਅੱਗੇ ਹੋ ਕੇ ਇਸ ਦੀ ਅਗਵਾਈ ਕਰੇ ਉਹ ਨਾਲ਼ ਹਨ। ਪੰਜਾਬੀ ਸਾਹਿਤ ਸਭਾ ਸਮਰਾਲ਼ਾ ਦੇ ਪ੍ਰਧਾਨ ਐਡਵੋਕੇਟ ਨਰਿੰਦਰ ਸ਼ਰਮਾ ਨੇ ਇਸ ਗੱਲ ਦਾ ਜੁਆਬ ਦਿੰਦਿਆ ਕਿਹਾ ਕਿ ਜੇ ਪਰਮਜੀਤ ਸਿੰਘ ਢਿੱਲੋਂ ਉਪਰੋਕਤ ਖਰਚਾ ਕਰਨ ਲਈ ਤਿਆਰ ਹਨ ਤਾਂ ਉਨ੍ਹਾਂ ਦੀ ਸੰਸਥਾ ਅਤੇ ਵਕੀਲ ਭਾਈਚਾਰਾ ਇਹ ਲੜਾਈ ਫਰੰਟ ਦੇ ਮੋਢੇ ਨਾਲ਼ ਮੋਢਾ ਜੋੜ ਕੇ ਲੜੇਗਾ। ਲੇਖਕ ਮੰਚ ਦੇ ਪ੍ਰਧਾਨ ਮਾ. ਤਰਲੋਚਨ ਸਮਰਾਲ਼ਾ, ਪੈਨਸ਼ਨਰਜ਼ ਮਹਾਂ ਸੰਘ ਪੰਜਾਬ ਦੇ ਪ੍ਰਧਾਨ ਪ੍ਰੇਮ ਸਾਗਰ ਸ਼ਰਮਾ, ਵਪਾਰ ਮੰਡਲ ਸਮਰਾਲ਼ਾ ਦੇ ਚੇਅਰਮੈਨ ਹਰੀ ਕ੍ਰਿਸ਼ਨ ਗੰਭੀਰ, ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਤੇਜਿੰਦਰ ਸਿੰਘ ਗਰੇਵਾਲ਼ ਅਤੇ ਸੰਤੋਖ਼ ਸਿੰਘ ਨਾਗਰਾ ਆਦਿ ਨੇ ਵੀ ਇਸ ਸਬੰਧੀ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਅਖੀਰ ਵਿੱਚ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲ਼ਾ ਦੇ ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਨੇ ਜਿੱਥੇ ਸਾਰਿਆਂ ਦਾ ਇਸ ਇਕੱਤਰਤਾ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ ਉੱਥੇ ਕਿਹਾ ਕਿ ਆਉਣ ਵਾਲ਼ੇ ਦਿਨਾਂ ਵਿੱਚ ਇਕ ਸਾਂਝੀ ਕਮੇਟੀ ਬਣਾਕੇ ਅਤੇ ਸਾਰੀਆਂ ਜਥੇਬੰਦੀਆਂ ਨੂੰ ਨਾਲ਼ ਲੈ ਕੇ ਰੈਸਟ ਹਾਊਸ ਵਾਲੀ ਥਾਂ ਨੂੰ ਗ੍ਰੀਨ ਬੈਲਟ ਜਾਂ ਸ਼ਹਿਰ ਦੇ ਲੋਕਾਂ ਲਈ ਪਾਰਕ-ਨੁਮਾਂ ਬਾਗ਼ ਬਣਾਉਣ ਲਈ ਵੱਡੇ ਰੂਪ ਵਿੱਚ ਸੰਘਰਸ਼ ਵਿੱਢਿਆ ਜਾਵੇਗਾ। ਪ੍ਰੋਗਰਾਮ ਦਾ ਮੰਚ ਸੰਚਾਲਨ ਦੀਪ ਦਿਲਬਰ ਨੇ ਬਾਖੂਬੀ ਕੀਤਾ। ਇਸ ਇਕੱਤਰਤਾ ਵਿੱਚ ਉਪਰੋਕਤ ਬੁਲਾਰਿਆਂ ਤੋਂ ਬਿਨ੍ਹਾਂ ਨਿਰਮਲ ਸਿੰਘ ਹਰਬੰਸਪੁਰਾ, , ਸ਼ਵਿੰਦਰ ਸਿੰਘ ਕਲੇਰ, ਦਰਸ਼ਨ ਸਿੰਘ ਕੰਗ, ਮਾ. ਪ੍ਰੇਮ ਨਾਥ, ਇੰਦਰਜੀਤ ਸਿੰਘ ਕੰਗ, ਰਵਿੰਦਰ ਕੌਰ ਪ੍ਰਧਾਨ ਇਸਤਰੀ ਵਿੰਗ, ਜੱਸੀ ਕੌਰ ਕੁੱਬੇ, ਮਾ. ਦਲੀਪ ਸਮਰਾਲਾ, ਸੁਰਿੰਦਰ ਕੁਮਾਰ, ਜਗੀਰਾ ਰਾਮ, ਕਰਨੈਲ ਸਿੰਘ ਕੋਟਾਲਾ, ਪਰਮਜੀਤ ਸਿੰਘ ਮਾਂਗਟ ਮਾਛੀਵਾੜਾ, ਰਾਜਿੰਦਰ ਸਿੰਘ ਕੁਲਾਰ, ਸਮਰਾਲ਼ਾ ਸ਼ੋਸ਼ਲ ਵੈੱਲਫੇਅਰ ਸੁਸਾਇਟੀ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸ਼ਰਮਾ, ਪ੍ਰਧਾਨ ਨੀਰਜ ਸਿਹਾਲਾ, ਵਪਾਰ ਮੰਡਲ ਦੇ ਪ੍ਰਧਾਨ ਦੀਪਕ ਰਾਏ, ਰਾਮਗੜ੍ਹੀਆ ਐਸੋਸੀਏਸ਼ਨ ਦੇ ਪ੍ਰਧਾਨ ਡਾ. ਪਰਵਿੰਦਰ ਸਿੰਘ ਬੱਲੀ,ਰਾਜੀਵ ਵਰਮਾ ਸਵਰਨਕਾਰ ਐਸੋ: ਸਮਰਾਲਾ, ਗੁਲਸ਼ਨ ਕੁਮਾਰ ਬਰਤਨ ਐਸੋ:, ਜਥੇਦਾਰ ਸੁਜਾਨ ਸਿੰਘ ਮੰਜਾਲੀਆਂ, ਬੰਤ ਸਿੰਘ ਖਾਲਸਾ, ਰਜਿੰਦਰ ਖੁੱਲਰ, ਸਾਹਿਤਕਾਰ ਹਰਬੰਸ ਮਾਲਵਾ, ਘੋਲਾ ਸਮਰਾਲਾ, ਮੇਲਾ ਸਿੰਘ, ਪ੍ਰਵੀਨ ਮੱਟੂ, ਸੁਭਾਸ਼ ਚੰਦਰ ਸਿਹਾਲਾ ਆਦਿ ਸ਼ਾਮਿਲ ਸਨ।



# ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ ਵਿਖੇ ਅਧਿਆਪਕਾਂ ਨੂੰ ਦਿੱਤੀ ਗਈ ਵਿਦਾਇਗੀ ਪਾਰਟੀ



**ਸਮਰਾਲਾ/ਭੂਸ਼ਨ ਬਾਂਸਲ/ ਸੁਨੀਲ ਅਗਰਵਾਲ**

ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ ਵਿਖੇ ਆਰਟ ਅਧਿਆਪਕਾ ਸ੍ਰੀਮਤੀ ਵਰਿੰਦਰਜੀਤ ਕੌਰ ਅਤੇ ਡੀ .ਪੀ. ਅਧਿਆਪਕਾ ਸ੍ਰੀਮਤੀ ਹਰਪ੍ਰੀਤ ਕੌਰ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ ।ਇਸ ਮੌਕੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਯਾਦ ਕਰਦੇ ਹੋਏ ਸਟਾਫ ਮੈਂਬਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਵਿਤਾਵਾਂ ਵੀ ਬੋਲੀਆਂ ।ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਗਿੱਲ ਨੇ ਉਨ੍ਹਾਂ ਨੂੰ ਫੁੱਲਾਂ ਦੇ ਗੁਲਦਸਤੇ ਅਤੇ ਭੇਟਾਵਾਂ ਦੇ ਕੇ ਸਨਮਾਨਿਤ ਕੀਤਾ । ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਗਿੱਲ ਨੇ ਉਨ੍ਹਾਂ ਦੀ ਸਿਹਤਯਾਬੀ ਅਤੇ ਆਉਣ ਵਾਲੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ।

# ਵੇਦਾਂਤੂ ਨੇ ਏਆਈ ਲਾਈਵ ਟੈਕਨੋਲਾਜੀ ਪੇਸ਼ ਕੀਤੀ: ਲਾਈਵ ਇੰਟਰੈਕਟਿਵ ਕਲਾਸਾਂ ਸਿਰਫ 5000 ਰੁਪਏ ਸਲਾਨਾਂ ਤੋਂ ਸ਼ੁਰੂ

**ਚੰਡੀਗੜ੍ਹ/ਲੋਕ ਬਾਣੀ:** ਲੱਖਾਂ ਵਿਦਿਆਰਥੀਆਂ ਨੂੰ ਕ੍ਰਾਂਤੀਕਾਰੀ ਐਡਟੇਕ ਇਨੋਵੇਸ਼ਨ ਨਾਲ ਸਿੱਖਿਆ ਪ੍ਰਦਾਨ ਕਰਨ ਦੇ ਲਈ ਲਾਈਵ ਆਨਲਾਈਨ ਲਰਨਿੰਗ @ਚ ਮੋਹਰੀ, ਵੇਦਾਂਤੂ ਨੇ ਅੱਜ ਆਗਮੈਂਟਡ ਇੰਟਰੈਕਟਿਵ (ਏਆਈ) ਲਾਈਵ ਟੈਕਨੋਲਾਜੀ ਲਾਂਚ ਕੀਤੀ ।ਏਆਈ ਲਾਈਵ ਕਲਾਸੇਜ ਦਾ ਮਕਸਦ ਕੁਆਲਿਟੀ ਭਰੀ ਸਿੱਖਿਆ ਕਿਫਾਇਤੀ ਕੀਮਤ @ਚ ਉਪਲਬਧ ਕਰਵਾ ਕੇ ਲੱਖਾਂ ਵਿਦਿਆਰਥੀਆਂ ਦੀ ਸਿੱਖਿਆ @ਚ ਕ੍ਰਾਂਤੀਕਾਰੀ ਬਦਲਾਅ ਲਿਆਉਣਾ ਹੈ । ਵੇਦਾਂਤੂ ਦੀ ਸੀਈਓ ਅਤੇ ਕੋ-ਫਾਊਂਡਰ, ਵਾਮਸੀ ਕ੍ਰਿਸ਼ਣਾ ਨੇ ਕਿਹਾ, @ਸਾਨੂੰ ਮਾਣ ਹੈ ਕਿ ਏਆਈ ਲਾਈਵ ਦਾ ਲੰਮੇਂ ਦੇ ਮਕਸਦ ਭਾਰਤ @ਚ ਕੁਆਲਿਟੀ ਭਰੀ ਸਿੱਖਿਆ ਨੂੰ ਸਾਰਿਆਂ ਦੇ ਲਈ ਕਿਫਾਇਤੀ ਅਤੇ ਉਪਲਬਧ ਬਣਾਉਣਾ ਹੈ । ਵੇਦਾਂਤੂ @ਚ ਅਸੀਂ ਮੰਨਦੇ ਹਾਂ ਕਿ ਐਡਟੇਕ ਦਾ ਇਹੀ ਅਸਲੀ ਵਾਅਦਾ ਹੈ, ਜਿਸ @ਚ ਅਸੀਂ ਬਿਹਤਰੀਨ ਟੀਚਿੰਗ ਨੂੰ ਸਭ ਤੋਂ ਅਧੁਨਿਕ ਟੈਕਨੋਲਾਜੀ ਦੇ ਨਾਲ ਜੋੜ ਕੇ ਵੱਡੇ ਪੱਧਰ @ਤੇ ਪ੍ਰਭਾਵ ਪੈਦਾ ਕਰਦੇ ਹਾਂ । ਅਸੀਂ ਲੱਖਾਂ ਲਾਈਵ ਕਲਾਸੇਜ @ਚ ਕਾਨਸੈਪਟ ਟੀਚਿੰਗ ਦੇ ਨਾਲ ਆਪਣੀ ਪੂਰੀ ਸਿੱਖਿਆ ਦੀ ਵਰਤੋਂ ਕਰਕੇ ਕਾਨਸੈਪਟ ਟੀਚਿੰਗ ਦੇ ਸਾਰੇ ਮੁੱਖ ਸਿਧਾਂਤਾਂ ਨੂੰ ਸਮਝਿਆ । ਇਸ ਨਾਲ ਸਾਂਨੂੰ ਕੀਮਤਾਂ ਨੂੰ ਘਟਾ ਕੇ 10 ਰੁਪਏ ਪ੍ਰਤੀ ਘੰਟੇ ਦੇ ਅਵਿਸ਼ਵਾਸਯੋਗ ਕੀਮਤ ਤੱਕ ਲਿਆਉਣ @ਚ ਮਦਦ ਮਿਲੀ । ਉਦਾਹਰਣ ਦੇ ਲਈ, ਇੱਕ ਜੇਈਈ ਕੋਰਸ ਦੇ ਲਈ ਆਫਲਾਈਨ ਕੋਚਿੰਗ ਕਲਾਸ 1 ਲੱਖ ਰੁਪਏ ਪ੍ਰਤੀ ਸਾਲ @ਚ ਉਪਲਬਧ ਹੁੰਦੀ ਹੈ, ਪਰ ਏਆਈ ਲਾਈਵ ਦੇ ਨਾਲ ਇਹ ਕਲਾਸ ਹੁਣ 5000 ਰੁਪਏ ਸਾਲ @ਚ ਉਪਲਬਧ ਹੋਵੇਗੀ ।@ ਵਾਮਸੀ ਨੇ ਅੱਗੇ ਕਿਹਾ, @ਸਾਡੀਆਂ ਕਲਾਸੇਜ ਨੇ 500 ਰੁਪਏ ਪ੍ਰਤੀ ਘੰਟੇ @ਚ ਵਨ-ਟੂ-ਵਨ ਕਲਾਸੇਜ ਤੋਂ ਲੈ ਕੇ 70 ਰੁਪਏ ਪ੍ਰਤੀ ਘੰਟੇ @ਚ ਵਨ-ਟੂ-ਮੈਨੀ ਕਲਾਸੇਜ ਤੱਕ ਦਾ ਸਫਰ ਤੈਅ ਕੀਤਾ ਅਤੇ ਹੁਣ 10 ਰੁਪਏ ਪ੍ਰਤੀ ਘੰਟੇ @ਚ ਜਿਆਦਾ ਜੁੜਾਅ ਪੂਰਣ ਕਲਾਸੇਜ ਦਾ ਇਹ ਸਫਰ ਯਾਦਗਾਰ ਹੈ । ਸਾਨੂੰ ਵਿਸ਼ਵਾਸ ਹੈ ਕਿ ਇਹ ਕ੍ਰਾਂਤੀਕਾਰੀ ਕਾਨਸੈਪਟ ਭਾਰਤੀ ਐਡਟੇਕ ਨੂੰ ਦੁਨੀਆਂ ਦੇ ਨਕਸ਼ੇ @ਚ ਲੈ ਜਾਵੇਗਾ।

# ਵਿਧਾਇਕ ਛੀਨਾ ਵੱਲੋਂ ਸਰਕਟ ਹਾਊਸ ਵਿਖੇ ਮੀਟਿੰਗ 'ਚ ਸ਼ਮੂਲੀਅਤ





**ਲੁਧਿਆਣਾ/ਸੁਖਚੈਨ ਮਹਿਰਾ:-** ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਸ੍ਰੀਮਤੀ ਰਜਿੰਦਰਪਾਲ ਕੌਰ ਛੀਨਾ ਵੱਲੋਂ ਸਥਾਨਕ ਸਰਕਟ ਹਾਊਸ ਵਿਖੇ, ਮਾਣਯੋਗ ਮੁੱਖ ਮੰਤਰੀ ਪੰਜਾਬ ਦੀ 5 ਮਈ ਨੂੰ ਫੇਰੀ ਸਬੰਧੀ ਰੱਖੀ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ ਗਈ।

ਮੀਟਿੰਗ ਦੌਰਾਨ ਸਾਰੇ ਵਿਧਾਇਕ ਸਾਹਿਬਾਨ, ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ, ਪੁਲਿਸ ਕਮਿਸ਼ਨਰ ਲੁਧਿਆਣਾ ਸ੍ਰੀ ਕੋਸਤੁਭ ਸ਼ਰਮਾ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਰਾਹੁਲ ਚਾਬਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।ਵਿਧਾਇਕ ਛੀਨਾ ਨੇ ਦੱਸਿਆ ਇਸ ਮੀਟਿੰਗ ਦੌਰਾਨ ਹਲਕੇ ਦੇ ਵਿਕਾਸ ਨੂੰ ਲੈ ਕੇ ਮੁੱਖ ਮੁੱਦਿਆਂ @ਤੇ ਵਿਚਾਰ ਚਰਚਾ ਕੀਤੀ ਗਈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਇਨ੍ਹਾਂ ਮੁੱਦਿਆਂ ਦਾ ਹੱਲ ਕਰਨ ਲਈ ਸਹੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾ ਸਕਣ।

# ਏਡਿਡ-ਕਾਲਜ ਮੈਨੇਜਮੈਂਟ ਵੱਲੋਂ ਜਰਨਲ ਹਾਊਸ ਦੀ ਮੀਟਿੰਗ 'ਚ ਕਾਲਜਾਂ ਦੇ ਲਟਕ ਰਹੇ ਮੁੱਦਿਆਂ 'ਤੇ ਕੀਤੀਆਂ ਗਈਆਂ ਅਹਿਮ ਵਿਚਾਰਾਂ



**ਅੰਮ੍ਰਿਤਸਰ/ਰਾਜਾ ਕੋਟਲੀ**

ਨਾਨ-ਗੌਰਮਿੰਟ ਏਡਿਡ ਕਾਲਜਿਜ਼ ਮੈਨੇਜਮੈਂਟ ਫੈਡਰੇਸ਼ਨ ਵੱਲੋਂ ਅੱਜ ਗੁਰੂ ਨਾਨਕ ਕਾਲਜ ਆਫ਼ ਗਰਲਜ਼ ਗੁੱਜ਼ਰ ਖ਼ਾਂ ਕੈਂਪਸ, ਮਾਡਲ ਟਾਊਨ, ਲੁਧਿਆਣਾ ਵਿਖੇ ਜਰਨਲ ਹਾਊਸ ਮੀਟਿੰਗ 'ਚ ਕਾਲਜਾਂ ਦੇ ਲਟਕ ਰਹੇ ਮੁੱਦਿਆਂ 'ਤੇ ਅਹਿਮ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਫੈਡਰੇਸ਼ਨ ਦੇ ਅਹੁੱਦੇਦਾਰਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਉਚ ਸਿੱਖਿਆ ਵਿਭਾਗ ਦੁਆਰਾ ਕੀਤੀਆਂ ਜਾ ਰਹੀਆਂ ਵਧੀਕੀਆਂ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਫੈਡਰੇਸ਼ਨ ਇਸ ਦੇ ਹੱਲ ਲਈ ਹਰੇਕ ਔਕੜਾਂ ਨਾਲ ਨਜਿੱਠਣ ਲਈ ਤਿਆਰ-ਬਰ-ਤਿਆਰ ਹੈ।

ਇਸ ਮੌਕੇ ਫੈਡਰੇਸ਼ਨ ਦੇ ਪ੍ਰਧਾਨ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ ਵਿੱਦਿਅਕ ਅਦਾਰਿਆਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਬਹੁਤ ਜਲਦ ਫ਼ੈਡਰੇਸ਼ਨ ਵਫ਼ਦ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨਾਲ ਮੁਲਾਕਾਤ ਕਰਕੇ ਉਕਤ ਸਬੰਧੀ ਨਿਪਟਾਰੇ ਬਾਰੇ ਪ੍ਰਸਤਾਵ ਪੇਸ਼ ਕਰਨਗੇ। ਉਨ ਾਂ ਕਿਹਾ ਕਿ ਸੂਬੇ 'ਚ ਕਾਲਜ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਕਈ ਕਾਲਜ ਬੰਦ ਹੋਣ ਦੀ ਕਗਾਰ 'ਤੇ ਹਨ। ਸੂਬਾ ਸਰਕਾਰ ਕਾਲਜਾਂ ਦੀ ਮਦਦ ਕਰਨ ਦੀ ਬਜਾਏ ਇਨ ਾਂ ਸੰਸਥਾਵਾਂ ਨੂੰ ਤਾਲਾ ਲਗਾਉਣ ਦੀ ਰਾਹ 'ਤੇ ਹੈ। ਉਨ ਾਂ ਨੇ ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿੱਖਿਆ ਮੰਤਰੀ ਨੂੰ ਇਸ ਸਬੰਧੀ ਜ਼ੋਰ ਦਿੰਦਿਆਂ ਕਿਹਾ ਕਿ ਸਰਕਾਰ ਨੂੰ ਸੂਬੇ 'ਚ ਉਚੇਰੀ ਸਿੱਖਿਆ ਨੂੰ ਬਚਾਉਣ ਲਈ ਹਰੇਕ ਸੰਭਵ ਯਤਨ ਕਰਨਾ ਚਾਹੀਦਾ ਹੈ।

ਇਸ ਮੌਕੇ ਉਨ ਾਂ ਸਹਾਇਤਾ ਪ੍ਰਾਪਤ ਕਾਲਜਾਂ ਵੱਲੋਂ ਭਵਿੱਖ 'ਚ 75 ਪ੍ਰਤੀਸ਼ਤ ਗ੍ਰਾਂਟ ਇਨ ਏਡ ਦੀਆਂ ਪੋਸਟਾਂ ਭਰਨ ਦੇ ਫ਼ੁਰਮਾਨ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਸੂਬੇ ਦੇ 142 ਏਡਿਡ ਕਾਲਜਾਂ ਦੀਆਂ ਪ੍ਰਬੰਧਕੀ ਕਮੇਟੀਆਂ ਆਪਣੇ ਕਾਲਜਾਂ ਨੂੰ ਚਲਾਉਣ 'ਚ ਪੂਰੀ ਤਰ ਾਂ ਨਾਲ ਨਿਪੁੰਨ ਹਨ ਪਰ ਕਾਲਜਾਂ ਵਿਚਲੀ ਸਰਕਾਰੀ ਦਖਲਅੰਦਾਜ਼ੀ ਮੰਜ਼ੂਰ ਨਹੀਂ ਕਰਨਗੇ। ਉਨ ਾਂ ਵਿਭਾਗ ਵੱਲੋਂ ਪ੍ਰਸਤਾਵਿਤ ਪ੍ਰਬੰਧਕੀ ਕਮੇਟੀਆਂ ਦੀ ਮੀਟਿੰਗ 'ਚ ਸਰਕਾਰੀ ਨੁਮਾਇੰਦਿਆਂ ਨੂੰ ਨਾ ਬੁਲਾਉਣ ਦੇ ਆਪਣੇ ਫ਼ੈਸਲੇ 'ਤੇ ਵੀ ਜ਼ੋਰ ਦਿੱਤਾ। ਇਸ ਮੌਕੇ ਡੀ. ਪੀ. ਆਈ. ਤੇ ਸਿੱਖਿਆ ਵਿਭਾਗ ਨਾਲ ਵਿੱਦਿਆ ਸਬੰਧੀ ਲੰਮੇਂ ਸਮੇਂ ਤੋਂ ਲਟਕੇ ਆ ਰਹੇ ਅਹਿਮ ਮੁੱਦਿਆਂ 'ਤੇ ਸਮੂਹ ਅਹੁੱਦੇਦਾਰਾਂ ਨੇ ਵਿਚਾਰਾਂ ਸਾਂਝੀਆਂ ਕੀਤੀਆਂ।

ਛੀਨਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 95 ਪ੍ਰਤੀਸ਼ਤ ਗ੍ਰਾਂਟ ਸਕੀਮ ਨੂੰ ਤੋੜ ਮਰੋੜ ਕੇ ਲਾਗੂ ਕੀਤਾ ਜਾ ਰਿਹਾ ਹੈ, ਦੀ 75-25 ਫ਼ੀਸਦੀ ਗ੍ਰਾਂਟ ਇਨ ਏਡ ਸਕੀਮ ਦਾ ਕਾਲਜਾਂ ਦੀ ਆਰਥਿਕਤਾ 'ਤੇ ਬਹੁਤ ਮਾੜਾ ਪ੍ਰਭਾਵ ਪੈ ਰਿਹਾ ਹੈ ਅਤੇ ਸੂਬੇ ਦੇ ਬਹੁਤ ਸਾਰੇ ਕਾਲਜ ਬੰਦ ਹੋਣ ਦੀ ਕਗਾਰ 'ਤੇ ਹਨ। ਉਨ ਾਂ ਨੇ 95 ਫ਼ੀਸਦੀ ਗ੍ਰਾਂਟ ਇਨ ਏਡ ਨੂੰ ਪੂਰਨ ਤੌਰ 'ਤੇ ਲਾਗੂ ਕਰਨ 'ਤੇ ਵੀ ਜ਼ੋਰ ਦਿੱਤਾ। ਇਸ ਮੀਟਿੰਗ ਦੌਰਾਨ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਬਕਾਇਆ ਗ੍ਰਾਂਟਾਂ ਨੂੰ ਇਕ ਕਿਸ਼ਤ 'ਚ ਤੁਰੰਤ ਜਾਰੀ ਕਰਨ ਅਤੇ 95 ਫੀਸਦੀ ਗ੍ਰਾਂਟ ਬਹਾਲ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਬਕਾਇਆ ਡੀ. ਪੀ. ਆਈ. ਗ੍ਰਾਂਟਾਂ, ਅਧਿਆਪਕਾਂ ਦੀ ਨਿਯੁਕਤੀ ਲਈ 75% ਦੀ ਬਜਾਏ 95% ਗ੍ਰਾਂਟ-ਇਨ-ਏਡ ਸਕੀਮਾਂ ਨੂੰ ਲਾਗੂ ਕਰਨਾ, ਰਾਖਵਾਂਕਰਨ ਨੀਤੀ ਦਰੁਸਤ ਕਰਨ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਕੰਮਕਾਜ 'ਚ ਸਪੱਸ਼ਟ ਅੰਤਰ ਰੱਦ ਕਰਨਾ, ਰੋਡ ਟੈਕਸ ਮੁਆਫ ਕਰਨਾ ਆਦਿ ਮੁੱਦਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ 'ਚ ਫੈਡਰੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਰਮੇਸ਼ ਕੁਮਾਰ ਕੌੜਾ, ਮੀਤ ਪ੍ਰਧਾਨ ਡਾ. ਤੇਜਿੰਦਰ ਕੌਰ ਧਾਲੀਵਾਲ, ਜਰਨਲ ਸਕੱਤਰ ਐਸ. ਐਮ. ਸ਼ਰਮਾ, ਸਕੱਤਰ ਐਗਨੀਜ਼ ਢਿੱਲੋਂ, ਵਿੱਤ ਸਕੱਤਰ ਰਾਕੇਸ਼ ਕੁਮਾਰ ਧੀਰ, ਸਲਾਹਕਾਰ ਰਵਿੰਦਰ ਜੋਸ਼ੀ, ਪ੍ਰਿੰਸੀਪਲ ਡਾ. ਮਹਿਲ ਸਿੰਘ, ਜੀ. ਐਸ. ਸਾਮਰਾ, ਸ੍ਰੀ ਰਾਜੀਵ ਜੈਨ ਅਤੇ ਹੋਰ ਅਹੁੱਦੇਦਾਰ ਆਦਿ ਹਾਜ਼ਰ ਸਨ।

## ਜਰਨਲਿਸਟ ਪ੍ਰੈਸ ਕਲੱਬ ਦੀ ਵਿਸ਼ੇਸ਼ ਮੀਟਿੰਗ ਨਵੀਆਂ ਕਚਿਹਰੀਆ ਵਿੱਚ ਹੋਈ

# ਜਰਨਲਿਸਟ ਪ੍ਰੈਸ ਕਲੱਬ ਦਾ ਵਫ਼ਦ ਐਸ ਐਸ ਪੀ ਤੇ ਡੀ ਸੀ,ਏ ਡੀ ਸੀ,ਐਸ ਪੀ ਡੀ ਨੂੰ ਮਿਲਿਆ



**ਕਪੂਰਥਲਾ/ਪਰਮਜੀਤ ਸੰਨੀ**

ਜਰਨਲਿਸਟ ਪ੍ਰੈਸ ਕਲੱਬ ਰਜਿ.ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਯੂਨਿਟ ਫਗਵਾੜਾ, ਸੁਲਤਾਨਪੁਰ ਲੋਧੀ, ਭੁਲੱਥ, ਅਤੇ ਢਿੱਲਵਾਂ ਦੀ ਵਿਸ਼ੇਸ਼ ਮੀਟਿੰਗ ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਦੀ ਪ੍ਰਧਾਨਗੀ ਹੇਠ ਨਵੀਆਂ ਕਚਿਹਰੀਆ ਕਪੂਰਥਲਾ ਵਿਖੇ ਕੀਤੀ ਗਈ। ਮੀਟਿੰਗ ਵਿਸ਼ੇਸ਼ ਤੌਰ ਤੇ ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ ਤੇ ਉਹਨਾਂ ਦੇ ਨਾਲ ਸੂਬਾ ਸਰਪ੍ਰਸਤ ਜੇ.ਐਸ.ਸੰਧੂ, ਸੂਬਾ ਚੇਅਰਮੈਨ ਰਾਕੇਸ਼ ਖੰਨਾ, ਸੂਬਾ ਕੋਆਰਡੀਨੇਟਰ ਪ੍ਰਿਤਪਾਲ ਸਿੰਘ, ਕਨੂੰਨੀ ਸਲਾਹਕਾਰ ਐਡਵੋਕੇਟ ਚੰਦਰ ਸ਼ੇਖਰ ਸ਼ਰਮਾ,ਉਪ ਚੇਅਰਮੈਨ ਹਰਪ੍ਰੀਤ ਸਿੰਘ ਸ਼ਾਮਲ ਹੋਏ। ਇਸ ਮੌਕੇ ਪੱਤਰਕਾਰਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ,ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ , ਜੋਗਿੰਦਰ ਸਿੰਘ ਜਾਤੀਕੇ ਚੈਅਰਮੈਨ,ਸੁਖਵਿੰਦਰ ਸਿੰਘ ਸੋਹੀ ਜਨਰਲ ਸਕੱਤਰ , ਪ੍ਰਮਜੀਤ ਸਨੀ, ਹਰਪ੍ਰੀਤ ਮੱਟੂ ਸਮੇਤ ਸਮੂਹ ਮੈਂਬਰਾਂ ਨੇ ਜੀ ਆਇਆ ਆਖਿਆ ਤੇ ਉਹਨਾਂ ਨੂੰ ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਡੀ ਸੀ ਕਪੂਰਥਲਾ ਵਿਸ਼ੇਸ਼ ਸਾਰੰਗਲ,ਐਸ ਐਸ ਪੀ ਰਾਜਬਚਨ ਸਿੰਘ ਸੰਧੂ,ਐਸ ਪੀ ਡੀ ਜਸਵੀਰ ਸਿੰਘ,ਐਸ ਪੀ ਜਗਜੀਤ ਸਿੰਘ ਸਰੋਆ,ਏ ਡੀ ਸੀ ਨੂੰ ਬੁਕੇ ਤੇ ਸਮੂਹ ਜ਼ਿਲ੍ਹਾ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਤੇ ਜ਼ਿਲ੍ਹਾ ਕਪੂਰਥਲਾ ਦੇ ਸਮੂਹ ਪੱਤਰਕਾਰ ਭਾਈਚਾਰੇ ਦੇ ਨਾਮ ਤੇ ਮੋਬਾਈਲ ਫੋਨ ਨੰਬਰਾ ਵਾਲ਼ੀ ਲਿਸਟ ਵੀ ਦਿੱਤੀ ਗਈ।ਡੀ ਸੀ ਕਪੂਰਥਲਾ,ਐਸ ਐਸ ਪੀ ਕਪੂਰਥਲਾ ਨੇ ਜ਼ਿਲ੍ਹਾ ਕਪੂਰਥਲਾ ਦੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਵਿਸ਼ਵਾਸ ਦਿਵਾਇਆ ਕਿ ਕਿਸੇ ਵੀ ਪੱਤਰਕਾਰ ਨਾਲ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ। ਤੇ ਪੱਤਰਕਾਰਾ ਦਾ ਬਣਦਾ ਹੱਕ ਦਿਤਾ ਜਾਵੇਗਾ। ਪੱਤਰਕਾਰ ਸਾਥੀਆਂ ਦੇ ਕੁਝ ਮਸਲੇ ਪਹਿਲ ਦੇ ਆਧਾਰ ਤੇ ਹੱਲ ਕੀਤੇ ਗਏ।ਐਸ ਐਸ ਪੀ ਕਪੂਰਥਲਾ ਰਾਜਬਚਨ ਸਿੰਘ ਸੰਧੂ ਨੇ ਕਿਹਾ ਕਿ ਪ੍ਰੈੱਸ ਤੇ ਪੁਲਿਸ ਦਾ ਨੋਹ ਮਾਸ ਦਾ ਰਿਸ਼ਤਾ ਹੁੰਦਾ ਹੈ।ਇਸ ਨੂੰ ਖ਼ਰਾਬ ਨਹੀਂ ਹੋਣ ਦਿੱਤਾ ਜਾਵੇਗਾ।ਇਸ ਮੌਕੇ ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ, ਜ਼ਿਲ੍ਹਾ ਪ੍ਰਧਾਨ ਕਪੂਰਥਲਾ ਪ੍ਰੀਤ ਸੰਗੋਜਲਾ ਸਮੇਤ ਸਮੂਹ ਅਹੁਦੇਦਾਰਾਂ ਨੂੰ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਪੱਤਰਕਾਰਾਂ ਨੂੰ ਜੋ ਵੀ ਸਮੱਸਿਆਵਾਂ ਹੋਣਗੀਆਂ ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਪ੍ਰੀਤ ਸੰਗੋਜਲਾ, ਫਗਵਾੜਾ ਯੂਨਿਟ ਤੋਂ ਡਾ ਰਮਨ ਸ਼ਰਮਾ, ਪ੍ਰਧਾਨ ਯੂਨਿਟ ਸੁਲਤਾਨਪੁਰ ਲੋਧੀ ਲਖਵੀਰ ਸਿੰਘ ਲੱਖੀ , ਆਦਿ ਨੇ ਜਿੱਥੇ ਸੰਬੋਧਨ ਕੀਤਾ। ਉੱਥੇ ਹੀ ਸੂਬਾ ਪ੍ਰਧਾਨ ਸ੍ ਮਨਜੀਤ ਸਿੰਘ ਮਾਨ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਥੇਬੰਦੀ ਨੂੰ ਵਧਾਉਣ ਲਈ ਜਿਨ੍ਹਾਂ ਚਿਰ ਅਸੀਂ ਇੱਕ ਜਗ੍ਹਾ ਇਕੱਠੇ ਨਹੀਂ ਹੁੰਦੇ ਓਨਾ ਚਿਰ ਅਸੀਂ ਆਪਣੇ ਬਣਦੇ ਹੱਕ ਕਦੇ ਵੀ ਨਹੀਂ ਲੈ ਸਕਦੇ। ਉਹਨਾਂ ਅੱਗੇ ਕਿਹਾ ਕਿ ਅਸੀਂ ਜਿੱਥੇ ਪਿੱਛਲੇ ਸਮੇਂ ਵਿੱਚ ਸਰਕਾਰ ਅਤੇ ਪ੍ਰਸ਼ਾਸਨ ਤੋਂ ਆਪਣੇ ਹੱਕ ਲੈਣ ਲਈ ਸੰਘਰਸ਼ ਲੜੇ ਹਨ ਉੱਥੇ ਹੀ ਹੁਣ ਅਸੀਂ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੂੰ ਜਲਦ ਮਿਲਕੇ ਪੱਤਰਕਾਰਾਂ ਦੀਆਂ ਕੁਝ ਵਿਸ਼ੇਸ਼ ਮੰਗਾਂ ਜਿਨ੍ਹਾਂ ਵਿੱਚ ਪੱਤਰਕਾਰਾਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ, ਪੱਤਰਕਾਰਾਂ ਨੂੰ ਰੇਲ ਅਤੇ ਬੱਸ ਦਾ ਫ੍ਰੀ ਸਫ਼ਰ ਕਰਨ ਦੀ ਸਹੂਲਤ, ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਪੰਜ ਮਰਲੇ ਦਾ ਮਕਾਨ ਬਣਾਕੇ ਦੇਣਾ, ਸੂਬੇ ਵਿੱਚ ਸਾਰੇ ਪੱਤਰਕਾਰਾਂ ਨੂੰ ਟੋਲ ਪਲਾਜਿਆਂ ਦੇ ਟੈਕਸ ਤੋਂ ਛੋਟ ਦਿਵਾਉਣਾ, ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਪ੍ਰੀਤ ਸੰਗੋਜਲਾ ਨੇ ਕਿਹਾ ਕਿ ਸਰਕਾਰਾਂ ਵਿੱਚ ਪੰਜ ਕਲਾਸਾਂ ਪੜ੍ਹੇ ਨੇਤਾਗਣ ਸਰਕਾਰੀ ਕੋਟੇ ਵਿੱਚੋਂ ਜਿਵੇਂ ਵੀਵੀਆਈਪੀ ਸਹੂਲਤਾਂ ਪ੍ਰਾਪਤ ਕਰ ਰਹੇ ਹਨ ਉਸੇ ਤਰਜ਼ ਤੇ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਵੀ.ਵੀ.ਆਈ.ਪੀ. ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਇਸ ਮੌਕੇ ਸਟੇਜ ਦਾ ਸੰਚਾਲਨ ਜ਼ਿਲ੍ਹਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਸੋਹੀ ਨੇ ਬਾਖ਼ੂਬੀ ਨਿਭਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਲੋਚਨ ਸਿੰਘ ਚਾਹਲ , ਚਰਨਜੀਤ ਸਿੰਘ ਢਿੱਲੋਂ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਪੱਤਰਕਾਰ ਭਾਈਚਾਰਾ ਸ਼ਾਮਲ ਸੀ।

# ਪਰਗਟ ਸਿੰਘ ,ਅਰੁਨਾ ਚੌਧਰੀ, ਕੈਪਟਨ ਸੰਦੀਪ ਸੰਧੂ ਦੀ ਨਿਯੁਕਤੀ ਤੇ ਬਲਵਿੰਦਰ ਬੰਬ ਨੇ ਦਿੱਤੀ ਵਧਾਈ ਅਤੇ ਕਾਂਗਰਸ ਹਾਈਕਮਾਂਡ ਦਾ ਕੀਤਾ ਧੰਨਵਾਦ



**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਆਪਣੀ ਟੀਮ ਦਾ ਵਿਸਤਾਰ ਕਰਨ ਲਈ ਆਲ ਇੰਡੀਆ ਕਾਂਗਰਸ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਤੇ ਸਾਬਕਾ ਰਾਸ਼ਟਰੀ ਪ੍ਰਧਾਨ ਸ੍ਰੀ ਰਾਹੁਲ ਗਾਂਧੀ ਅਤੇ ਸਮੁੱਚੀ ਕਾਂਗਰਸ ਹਾਈਕਮਾਂਡ ਨਾਲ ਸਲਾਹ-ਮਸ਼ਵਰਾ ਕਰਨ ਤੋ ਬਾਅਦ ਪੰਜਾਬ ਕਾਂਗਰਸ ਦੀ ਨਵੀਂ ਟੀਮ ਵਿੱਚ ਨਿਯੁਕਤ ਕੀਤੇ ਗਏ ਪੰਜਾਬ ਦੇ ਸਾਬਕਾ ਮੰਤਰੀ ਸਰਦਾਰ ਪਰਗਟ ਸਿੰਘ , ਸਾਬਕਾ ਮੰਤਰੀ ਸ੍ਰੀਮਤੀ ਅਰੁਨਾ ਚੌਧਰੀ ਪ੍ਰਦੇਸ਼ ਕਾਂਗਰਸ ਕਮੇਟੀ ਦਾ ਉਪ ਪ੍ਰਧਾਨ ਬਣਨ ਅਤੇ ਵਿਧਾਨ ਸਭਾ ਹਲਕਾ ਦਾਖਾ ਦੇ ਇੰਚਾਰਜ ਕੈਪਟਨ ਸੰਦੀਪ ਸੰਧੂ ਨੂੰ ਜਰਨਲ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਲਾਉਣ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਬੰਬ ਚੇਅਰਮੈਨ ਐਸ ਸੀ ਵਿਭਾਗ ਕਾਂਗਰਸ ਪੁਲਸ ਜ਼ਿਲਾ ਖੰਨਾ ਨੇ ਨਵ ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਅਤੇ ਉਨਾਂ ਕਾਂਗਰਸ ਦੀ ਰਾਸ਼ਟਰੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ, ਸਾਬਕਾ ਰਾਸ਼ਟਰੀ ਪ੍ਰਧਾਨ ਸ੍ਰੀ ਰਾਹੁਲ ਗਾਂਧੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ ਦਾ ਧੰਨਵਾਦ ਕਰਦਿਆਂ ਹੋਇਆਂ ਆਖਿਆ ਹੈ ਕਿ ਇਨ੍ਹਾਂ ਨਿਯੁਕਤੀਆਂ ਨਾਲ ਕਾਂਗਰਸ ਪਾਰਟੀ ਨੂੰ ਮਜ਼ਬੂਤੀ ਮਿਲੇਗੀ ਕਿਉਂਕਿ ਇਹ ਲੀਡਰ ਬਹੁਤ ਹੀ ਸਿਆਣੇ ਅਤੇ ਸੁਲਝੇ ਹੋਏ ਹਨ। ਬਲਵਿੰਦਰ ਸਿੰਘ ਬੰਬ ਨੇ ਕਿਹਾ ਹੈ ਕਿ ਸਰਦਾਰ ਪਰਗਟ ਸਿੰਘ, ਸ੍ਰੀਮਤੀ ਅਰੁਨਾ ਚੌਧਰੀ ਅਤੇ ਕੈਪਟਨ ਸੰਦੀਪ ਸੰਧੂ ਇਕ ਬਹੁਤ ਹੀ ਸਿਆਣੇ ਅਤੇ ਸੁਲਝੇ ਹੋਏ ਲੀਡਰ ਜਿਨ੍ਹਾਂ ਨੇ ਹਮੇਸ਼ਾ ਹੀ ਕਾਂਗਰਸ ਪਾਰਟੀ ਦੇ ਵਰਕਰਾਂ ਦੀ ਨੇੜਿਓਂ ਹੋ ਕੇ ਗੱਲ ਸੁਣੀ ਹੈ ਜਿਸ ਕਰਕੇ ਇਨ੍ਹਾਂ ਲੀਡਰਾਂ ਪ੍ਰਤੀ ਕਾਂਗਰਸ ਵਰਕਰਾਂ ਦੇ ਦਿਲਾਂ ਵਿੱਚ ਬਹੁਤ ਵੱਡਾ ਆਦਰ ਤੇ ਸਤਿਕਾਰ ਹੈ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ


Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਹਲਕਾ ਧਰਮਕੋਟ ਨੂੰ ਇੰਨੀ ਵੱਡੀ ਸੌਗਾਤ ਦੇਣ ਲਈ ਮੁੱਖ ਮੰਤਰੀ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ -ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਪਿਛਲੇ 70-75 ਸਾਲਾਂ ਤੋਂ ਹਲਕਾ ਧਰਮਕੋਟ ਦੀ ਲਟਕਦੀ ਆ ਰਹੀ ਮੰਗ ਨੂੰ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਮਿਹਨਤ ਸਦਕਾ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਫਾਇਰ ਬ੍ਰਿਗੇਡ ਦੀ ਮੰਗ ਨੂੰ ਪੂਰਾ ਕੀਤਾ ਗਿਆ। ਅੱਜ ਨਗਰ ਕੌਂਸਲ ਦਫਤਰ ਧਰਮਕੋਟ ਵਿਖੇ ਫਾਇਰ ਬ੍ਰਿਗੇਡ ਗੱਡੀਆਂ ਤੇ ਸਟੇਸ਼ਨ ਦਾ ਰਸਮੀ ਉਦਘਾਟਨ ਕਰਦਿਆਂ ਹਲਕਾ ਵਿਧਾਇਕ ਦਵਿੰਦਰ ਜੀਤ ਸਿੰਘ ਲਾਡੀ ਕਿਹਾ ਕਿ ਚੋਣਾਂ ਤੋਂ ਪਹਿਲਾਂ ਹਲਕਾ ਵਾਸੀਆਂ ਵੱਲੋਂ ਮੇਰੇ ਕੋਲ ਫਾਇਰ ਬ੍ਰਿਗੇਡ ਗੱਡੀਆਂ ਮੁੱਢਲੀ ਮੰਗ ਰੱਖੀ ਗਈ ਸੀ ਜਿਸ ਨੂੰ ਉਸ ਸਮੇਂ ਬੂਰ ਪਿਆ ਜਦੋਂ ਪਿਛਲੇ 70-75 ਸਾਲਾ ਦੀ ਹਲਕਾ ਧਰਮਕੋਟ ਦੀ ਅਹਿਮ ਅਤੇ ਅਤਿ ਜਰੂਰੀ ਮੰਗ ਨੂੰ ਮੰਨਦਿਆ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਜੀ ਮਾਨ ਵੱਲੋ ਧਰਮਕੋਟ ਵਿਖੇ ਫਾਇਰ ਸਟੇਸ਼ਨ, 3 ਫਾਇਰ ਬ੍ਰਿਗੇਡ ਗੱਡੀਆਂ ਅਤੇ ਪੂਰੀ ਟੀਮ ਸਥਾਪਿਤ ਕਰਨ ਲਈ ਚੰਡੀਗੜ੍ਹ ਤੋ ਇਨ੍ਹਾਂ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਰਹਿ ਚੁੱਕੀਆਂ ਸਰਕਾਰਾਂ ਦੇ ਨੁਮਾਇੰਦਿਆਂ ਵੱਲੋਂ ਹਲਕੇ ਦੀ ਲਟਕਦੀ ਆ ਰਹੀ ਫਾਇਰ ਬ੍ਰਿਗੇਡ ਦੀ ਮੰਗ ਨੂੰ ਅਣਸੁਣੀ ਕੀਤਾ ਗਿਆ ਅਤੇ ਮੇਰੇ ਇਕ ਵਾਰ ਕਹਿਣ ਤੇ ਮੁੱਖ ਮੰਤਰੀ ਭਗਵੰਤ ਮਾਨ ਜੀ ਨੇ ਹਲਕਾ ਧਰਮਕੋਟ ਨੂੰ ਦੋ ਫਾਇਰ ਬ੍ਰਗੇਡ ਅਤੇ ਇੱਕ ਰੈਸਕਿਊ ਅਪਰੇਸ਼ਨ ਸਮੇਤ ਸਟਾਫ਼ ਦੇ ਕੇ ਹਲਕੇ ਦਾ ਮਾਣ ਵਧਾਇਆ। ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਨੇ ਮੁੱਖ ਮੰਤਰੀ ਸਾਹਿਬ ਦਾ ਹਲਕਾ ਵਾਸੀਆਂ ਵੱਲੋਂ ਇਸ ਵੱਡੀ ਸੌਗਾਤ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਹਲਕਾ ਵਾਸੀਆਂ ਵੱਲੋਂ ਜੋ ਭਰੋਸਾ ਕਰਕੇ ਉਨ੍ਹਾਂ ਨੂੰ ਭਾਰੀ ਵੋਟਾਂ ਨਾਲ ਜਿਤਾਇਆ ਹੈ। ਉਸ ਦੇ ਉਹ ਸਦਾ ਰਿਣੀ ਰਹਿਣਗੇ। ਅਤੇ ਹਲਕੇ ਦੇ ਵਿਕਾਸ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਕਰਨਗੇ। ਇਸ ਮੌਕੇ ਕਾਰਜ ਸਾਧਕ ਅਫਸਰ ਦਵਿੰਦਰ ਸਿੰਘ ਤੂਰ ਵੱਲੋਂ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੀਨੀਅਰ ਆਗੂ ਗੁਰਮੀਤ ਮੁਖੀਜਾ ਬਲਰਾਜ ਕਲਸੀ ਐੱਮ ਸੀ ਅਮਰਜੀਤ ਸਿੰਘ ਬੀਰਾ ਐਮਸੀ ਕ੍ਰਿਸ਼ਨ ਹਾਂਸ ਐਮਸੀ ਰਮਨ ਜਿੰਦਲ ਡਾਕਟਰ ਗੁਰਮੀਤ ਸਿੰਘ ਗਿੱਲ ਲਛਮਣ ਸਿੰਘ ਸਿੱਧੂ ਪਵਨ ਰੇਲੀਆਂ ਗੱਗੂ ਦਾਤਾ ਸਰਕਲ ਪ੍ਰਧਾਨ ਗੁਰਪ੍ਰੀਤ ਸਿੰਘ ਕਰੀਰ ਰਾਜੂ ਮੁਖੀਜਾ ਗੁੱਗੂ ਮਖੀਜਾ ਅਸ਼ੋਕ ਖੁੱਲਰ ਰਾਜਨ ਛਾਬੜਾ ਸਾਜਨ ਛਾਬਡ ?' ਜੱਜ ਸਿੰਘ ਸਰਪੰਚ ਸੁਰਜੀਤ ਕੌੜਾ ਡਾਕਟਰ ਬਿੱਟੂ ਡਾਕਟਰ ਸਰਤਾਜ ਡਾਕਟਰ ਸੁਰਿੰਦਰ ਜਨੇਜਾ ਅਤੇ ਨਗਰ ਕੌਂਸਲ ਦਾ ਸਮੂਹ ਸਟਾਫ ਅਤੇ ਸ਼ਹਿਰ ਨਿਵਾਸੀਆਂ ਨੇ ਇਸ ਅਧੂਰੀ ਮੰਗ ਨੂੰ ਪੂਰਾ ਕਰਨ ਤੇ ਵਿਧਾਇਕ ਦਵਿੰਦਰ ਜੀਤ ਸਿੰਘ ਲਾਡੀ ਢੋਸ ਦਾ ਧੰਨਵਾਦ ਕੀਤਾ।



# ਰੀਅਲਮੀ ਨੇ ਦੁਨੀਆਂ ਦਾ ਸਭ ਤੋਂ ਤੇਜੀ ਨਾਲ ਚਾਰਜ ਹੋਣ ਵਾਲਾ ਸਮਾਰਟਫੋਨ ਰੀਅਲਮੀ ਜੀਟੀ ਨਿਓ 3 ਅਤੇ ਰੀਅਲਮੀ ਪੈਡ ਮਿੰਨੀ, ਰੀਅਲਮੀ ਬਡਸ ਕਿਊ2ਐਸ ਅਤੇ ਰੀਅਲਮੀ ਸਮਾਰਟ ਟੀਵੀ ਐਕਸ ਫੁੱਲ ਐਚਡੀ ਪੇਸ਼ ਕੀਤੇ



**ਚੰਡੀਗੜ੍ਹ/ਲੋਕ ਬਾਣੀ**

ਦੁਨੀਆਂ ਦੇ ਸਭ ਤੋਂ ਤੇਜੀ ਨਾਲ ਵਿਕਸਿਤ ਹੁੰਦੇ ਹੋਏ ਸਮਾਰਟਫੋਨ ਬ੍ਰਾਂਡ, ਰੀਅਲਮੀ ਨੇ ਇੱਕ ਵਾਰ ਫਿਰ ਆਪਣਾ ਲੇਟੇਸਟ ਰੀਅਲਮੀ ਜੀਟੀ ਨਿਓ 3 ਲਾਂਚ ਕਰਕੇ ਬਜਾਰ @ਚ ਹਲਚਲ ਮਚਾ ਦਿੱਤੀ ਹੈ । 150 ਵਾਟ ਫਾਸਟ ਚਾਰਜਿੰਗ ਟੈਕਨੋਲਾਜੀ ਵਾਲਾ ਇਹ ਦੁਨੀਆਂ ਦਾ ਪਹਿਲਾ ਅਤੇ ਸਭ ਤੋਂ ਤੇਜੀ ਨਾਲ ਚਾਰਜ ਹੋਣ ਵਾਲਾ ਸਮਾਰਟਫੋਨ ਹੈ । ਇਸ ਅਤਿਅਧੁਨਿਕ ਸਮਾਰਟਫੋਨ ਦੇ ਨਾਲ, ਰੀਅਲਮੀ ਨੇ ਆਪਣੇ ਵਿਸਤਰਿਤ ਏਆਈਓਟੀ ਪੋਰਟਫੋਲਿਓ @ਚ ਤਿੰਨ ਨਵੇਂ ਉਤਪਾਦ ਰੀਅਲਮੀ ਪੈਡ ਮਿੰਨੀ, ਰੀਅਲਮੀ ਬਡਸ ਕਿਊ2ਐਸ ਅਤੇ ਰੀਅਲਮੀ ਸਮਾਰਟ ਟੀਵੀ ਐਕਸ ਫੁੱਲ ਐਚਡੀ ਪੇਸ਼ ਕੀਤੇ ਹਨ ।

ਇਸ ਲਾਂਚ ਦੇ ਬਾਰੇ @ਚ ਸ੍ਰੀ ਮਾਧਵ ਸੇਠ, ਸੀਈਓ, ਰੀਅਲਮੀ ਇੰਡੀਆ, ਵੀਪੀ, ਰੀਅਲਮੀ ਅਤੇ ਪ੍ਰੈਜੀਡੈਂਟ, ਰੀਅਲਮੀ ਇੰਟਰਨੈਸ਼ਨਲ ਬਿਜਨਸ ਗਰੁੱਪ ਨੇ ਕਿਹਾ, @ਰੀਅਲਮੀ ਨੂੰ ਹਮੇਸ਼ਾ ਆਪਣੇ ਗ੍ਰਾਹਕਾਂ ਨੂੰ ਅਤਿਅਧੁਨਿਕ ਪ੍ਰੋਦੋਗਿਕੀ ਪ੍ਰਦਾਨ ਕਰਨ @ਚ ਖੁਸ਼ੀ ਮਿਲੀ ਹੈ । ਸਾਡਾ ਬ੍ਰਾਂਡ ਟੇਕ ਉਦਯੋਗ @ਚ ਇਨੋਵੇਸ਼ਨ ਲੈ ਕੇ ਆਉਂਦਾ ਹੈ ਅਤੇ ਅਸੀਂ ਰੀਅਲਮੀ ਜੀਟੀ ਨਿਓ 3 ਦੇ ਨਾਲ 150 ਵਾਟ ਦੀ ਫਾਸਟ ਚਾਰਜਿੰਗ ਟੈਕਨੋਲਾਜੀ ਪੇਸ਼ ਕਰਕੇ ਬਹੁਤ ਉਤਸਾਹਿਤ ਹਾਂ । ਸਾਡੀ ਜੀਟੀ ਨਿਓ 3 ਸੀਰੀਜ ਸਾਡਾ ਸਪੀਡ ਫਲੈਗਸ਼ਿਪ ਹੈ ਅਤੇ ਸਾਡੀ ਵਿਸ਼ਾਲ ਜੀਟੀ ਸੀਰੀਜ ਦਾ ਅੰਗ ਹੈ, ਜਿਸਦੇ ਨਾਲ ਅਸੀਂ ਆਪਣੇ ਪ੍ਰੀਮੀਅਮ ਸਮਾਰਟਫੋਨ ਪੋਰਟਫੋਲਿਓ ਦਾ ਵਿਸਥਾਰ ਕਰ ਰਹੇ ਹਾਂ । ਇਸ ਸਾਲ ਅਸੀਂ ਪ੍ਰੀਮੀਅਮ ਸਮਾਰਟਫੋਨ ਬਜਾਰ @ਚ ਆਪਣੀ ਪਛਾਣ ਸਥਾਪਿਤ ਕਰਨ ਦੇ ਲਈ ਕੰਮ ਕਰ ਰਹੇ ਹਾਂ । ਸਾਨੂੰ ਹੁਣ ਤੱਕ ਆਪਣੇ ਗ੍ਰਾਹਕਾਂ ਕੋਲੋਂ ਬਹੁਤ ਵਧੀਆ ਪ੍ਰਤੀਕ੍ਰਿਆ ਮਿਲੀ ਹੈ । ਅਸੀਂ ਜਲਦੀ ਹੀ ਚਾਰ ਸਾਲ ਪੂਰੇ ਕਰਨ ਵਾਲੇ ਹਾਂ ਅਤੇ ਸਾਨੂੰ ਆਪਣੇ ਇਸ ਲੰਮੇਂ ਸਫਰ @ਤੇ ਮਾਣ ਹੈ । ਸਾਡਾ ਮਕਸਦ ਸ਼ੁਰੂਆਤ ਤੋਂ ਹੀ ਆਪਣੇ ਯੂਜਰਸ ਨੂੰ ਬਿਹਤਰੀਨ ਟੈਕਨੋਲਾਜੀ ਅਤੇ ਡਿਜਾਇਨ ਪ੍ਰਦਾਨ ਕਰਨਾ ਹੈ, ਜਿਹੜਾ ਅਸੀਂ ਆਉਣ ਵਾਲੇ ਸਾਲਾਂ @ਚ ਵੀ ਕਰਦੇ ਰਹਾਂਗੇ ।

# ਦੁਕਾਨਦਾਰਾਂ ਦੀ ਸ਼ਿਕਾਇਤ ਤੇ ਸੰਤੋਸ਼ ਕਟਾਰੀਆ ਨੇ ਪਾਵਰਕਾਮ ਨੂੰ ਕੀਤੇ ਦਿਸ਼ਾ ਨਿਰਦੇਸ਼ ਜਾਰੀ

**ਸ਼ਹੀਦ ਭਗਤ ਸਿੰਘ ਨਗਰ /ਲੋਕ ਬਾਣੀ**:- ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਬਣਨ ਤੇ ਹਰੇਕ ਖੇਤਰ ਵਿੱਚ ਸੁਧਾਰ ਦੀ ਮੁਹਿੰਮ ਚੱਲੀ ਹੋਈ ਹੈ। ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾ ਰਿਹਾ ਹੈ। ਉਸੇ ਲੜੀ ਦੇ ਤਹਿਤ ਬਲਾਚੌਰ ਸ਼ਹਿਰ ਦੇ ਵਿੱਚ ਨਿਰਵਿਘਨ ਬਿਜਲੀ ਸਪਲਾਈ ਨੂੰ ਚਾਲੂ ਰੱਖਣ ਦੇ ਲਈ ਪਾਵਰਕਾਮ ਵਲੋਂ ਐਕਸ ਐਲ ਪੀਈ ਕੇਬਲ ਪਾਈ ਜਾ ਰਹੀ ਹੈ ਤਾਂ ਜੋ ਬਿਨ੍ਹਾਂ ਸ਼ਾਰਟਸਰਕਟ ਦੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਬਲਾਚੌਰ ਨੇ ਬਲਾਚੌਰ ਦੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਸੁਣਦਿਆਂ ਹੋਇਆਂ ਕੀਤਾ। ਇਸ ਮੌਕੇ ਸਮੂਹ ਦੁਕਾਨਦਾਰਾਂ ਨੇ ਦੱਸਿਆ ਕਿ ਭੱਦੀ ਰੋਡ ਵਿਖੇ ਪਾਵਰਕਾਮ ਦੀ ਕੇਬਲ ਬਹੁਤ ਹੀ ਨੀਵਾਂ ਰੱਖ ਕੇ ਪਾਈ ਜਾ ਰਹੀ ਹੈ। ਬੀਬੀ ਸੰਤੋਸ਼ ਕਟਾਰੀਆ ਨੇ ਉਸੇ ਮੌਕੇ ਡਿਪਟੀ ਚੀਫ ਇੰਜੀਨੀਅਰ ਪਾਵਰਕਾਮ ਨਵਾਂਸ਼ਹਿਰ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਤੇ ਮੌਕੇ ਤੇ ਐਸਡੀਓ ਪਾਵਰਕਾਮ ਨੂੰ ਬੁਲਾ ਕੇ ਤੁਰੰਤ ਸਮੱਸਿਆ ਦਾ ਸਮਾਧਾਨ ਕਰਨ ਲਈ ਨਿਰਦੇਸ਼ ਦਿੱਤੇ ਤੇ ਦੁਕਾਨਦਾਰਾਂ ਦੀ ਸਮੱਸਿਆ ਦਾ ਹੱਲ ਕਰਵਾਇਆ।

# ਬਾਬਾ ਦਾਮੂੰ ਸ਼ਾਹ ਕਮੇਟੀ ਲੁਹਾਰਾ ਦੀ ਚੋਣ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਰਹਿਨੁਮਾਈ ਹੇਠ ਹੋਈ



**ਮੋਗਾ/ਦਵਿੰਦਰ ਸਿੰਘ ਬਿੱਟੂ**

ਫੱਕਰ ਬਾਬਾ ਦਾਮੂੰ ਸ਼ਾਹ ਜੀ ਦੀ ਦਰਗਾਹ ਦੀ ਨਵੀਂ ਕਮੇਟੀ ਦਾ ਗਠਨ ਅੱਜ ਹਲਕਾ ਧਰਮਕੋਟ ਤੋਂ ਦਵਿੰਦਰ ਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਹੇਠ ਹੋਇਆ। ਇਸ ਮੌਕੇ ਵਿਧਾਇਕ ਨੇ ਬੋਲਦੇ ਹੋਏ ਕਿਹਾ ਕਿ ਬਾਬਾ ਦਾਮੂੰ ਸ਼ਾਹ ਜੀ ਦੀ ਦਰਗਾਹ ਦੀ ਨਵੀਂ ਬਣੀ ਕਮੇਟੀ ਪਿੰਡ ਦੇ ਵਿਕਾਸ ਕਾਰਜਾਂ ਦੇ ਕੰਮ ਕਰੇਗੀ। ਇੱਥੇ ਸਰਕਾਰੀ ਦਰਬਾਰੇ ਦਾ ਕਿਸੇ ਤਰ੍ਹਾਂ ਦਾ ਕੋਈ ਦੱਬ - ਦਬਾ ਨਹੀਂ ਹੋਵੇਗਾ । ਕਮੇਟੀ ਨਿਰਪੱਖ ਹੋ ਕੇ ਵਿਕਾਸ ਦੇ ਕਾਰਜ ਕਰੇਗੀ। ਜੇਕਰ ਕਿਸੇ ਕੰਮ ਵਿੱਚ ਸਾਡੀ ਜ਼ਰੂਰਤ ਪਵੇਗੀ ਤਾਂ ਅਸੀਂ ਹਾਜਰ ਹਾਂ। ਇਸ ਮੌਕੇ ਵਿਧਾਇਕ ਨੇ ਨਵੀਂ ਬਣੀ ਪ੍ਰਬੰਧਕ ਕਮੇਟੀ ਅਤੇ ਪਿੰਡ ਵਾਸੀਆਂ ਨੂੰ ਵਧਾਈਆਂ ਵੀ ਦਿੱਤੀਆਂ । ਇਸ ਸਮੇਂ ਪਿੰਡ ਦੇ ਮੋਹਤਬਰ ਆਗੂ ਅਤੇ ਸਮੂਹ ਨਗਰ ਨਿਵਾਸੀ ਹਾਜਰ ਸਨ।

ਅਖੀਰ ਵਿਚ ਸੁਰਜੀਤ ਸਿੰਘ ਗਿੱਲ ਜੁਆਇਟ ਸੈਕਟਰੀ ਐਸ ਸੀ ਵਿੰਗ ਮੋਗਾ ਨੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦਾ ਅਤੇ ਨਾਲ ਆਏ ਆਗੂ ਡਾਕਟਰ ਅਮ੍ਰਿਤਪਾਲ ਸਿੰਘ, ਸਤਵੀਰ ਸਿੰਘ ਸੱਤੀ ਜਲਾਲਾਬਾਦ, ਭੋਲਾ ਸਿੰਘ ਗਲੋਟੀ, ਸੰਦੀਪ ਸਿੰਘ ਕੰਗ ਧਰਮ ਸਿੰਘ ਵਾਲਾ, ਹਰਮਨ ਸਿੰਘ, ਅਤੇ ਬਲਾਕ ਪ੍ਰਧਾਨ ਬਲਦੇਵ ਸਿੰਘ ਬਲਖੰਡੀ ਦਾ ਧੰਨਵਾਦ ਵੀ ਕੀਤਾ।

# ਤਕਨੀਕੀ ਕਾਰਨਾਂ ਕਰਕੇ ਬੰਦ ਪਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਸਕੀਮ ਦੂਬਾਰਾ ਸ਼ੁਰੂ ਹੋਈ

**ਮਲੋਟ/ਗਿਆਨ ਸਾਹਨੀ**:- ਹੇਠਲੇ ਪੱਧਰ ਅਤੇ ਮੱਧ ਵਰਗ ਦੇ ਲੋਕਾਂ ਨੂੰ ਘਰ ਮੁਹਈਆ ਕਰਵਾਉਣ ਦੇ ਉਦੇਸ਼ ਨਾਲ ਕੇਂਦਰ ਸਰਕਾਰ ਵਲੋਂ ਚਲਾਈ ਗਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਸਕੀਮ ਤਹਿਤ ਲੋਕਾਂ ਨੂੰ ਮਿਲਣ ਵਾਲੀ ਸਹੂਲਤ ਰਾਸ਼ੀ ਦਾ ਕੰਮ ਜੋ ਤਕਨੀਕੀ ਕਾਰਨਾਂ ਕਾਰਨ ਕੁੱਝ ਸਮੇਂ ਤੋਂ ਬੰਦ ਪਿਆ ਸੀ, ਉਹ ਹੁਣ ਸੁਰੂ ਹੋ ਗਿਆ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ 'ਆਪ' ਦੇ ਸੀਨੀਅਰ ਆਗੂ ਰਮੇਸ ਅਰਨੀਵਾਲਾ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਨੇ ਉਕਤ ਸਕੀਮ ਦਾ ਲਾਭ ਲੈਣ ਲਈ ਅਰਜੀ ਨਗਰ ਕੌਂਸਲ ਦਫਤਰ ਵਿਖੇ ਦਿੱਤੀ ਹੋਈ ਸੀ ਉਹਨਾਂ ਲਈ ਇਹ ਖੁਸਖਬਰੀ ਹੈ ਕਿ ਉਹਨਾਂ ਦੀ ਰਕਮ ਬੈਂਕ ਖਾਤਿਆਂ ਵਿਚ ਟਰਾਂਸਫਰ ਹੋਣੀ ਸ਼ੁਰੂ ਹੋ ਗਈ ਹੈ। ਰਮੇਸ ਅਰਨੀਵਾਲਾ ਜੋ ਕੈਬਨਿਟ ਮੰਤਰੀ ਡਾ.ਬਲਜੀਤ ਕੌਰ ਦੇ ਦਫਤਰ ਇੰਚਾਰਜ ਵੀ ਲਾਏ ਗਏ ਹਨ ਨੇ ਦੱਸਿਆ ਕਿ ਉਕਤ ਸਕੀਮ ਤਹਿਤ ਲਾਭ ਲੈਣ ਵਾਲੇ ਲਾਭਪਾਤਰੀਆਂ ਦੀਆਂ ਸ਼ਿਕਾਇਤਾਂ ਆ ਰਹੀਆਂ ਸਨ ਕਿ ਉਹ ਮਕਾਨ ਦੀ ਉਸਾਰੀ ਲਈ ਰਕਮ ਖਾਤਿਆਂ ਚ ਅਜੇ ਤੱਕ ਨਹੀਂ ਆ ਰਹੀ। ਜਿਸ ਕਾਰਨ ਕਈਆਂ ਦਾ ਕੰਮ ਅੱਧ ਵਿਚਕਾਰ ਰੁਕਿਆ ਪਿਆ ਹੈ ਪਰ ਹੁਣ ਇਹਨਾਂ ਲਾਭਪਾਤਰੀਆਂ ਨੂੰ ਲਾਭ ਮਿਲਣਾ ਸ਼ੁਰੂ ਹੋ ਗਿਆ ਹੈ। ਇਸ ਸਕੀਮ ਦੇ ਦੁਬਾਰਾ ਸ਼ੁਰੂ ਹੋਣ ਤੇ ਲਾਭਪਾਤਰੀਆਂ ਨੇ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦਾ ਧੰਨਵਾਦ ਕੀਤਾ ਹੈ।


# ਸ੍ਰੀ ਹੇਮਕੁੰਟ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਵਿਖੇ 136ਵਾ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ




**ਮੋਗਾ/ਫਤਿਹਗੜ/ਪੰਜਤੂਰ/ਦਵਿੰਦਰ ਸਿੰਘ ਬਿੱਟੂ ਸਹੋਤਾ**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਹੇਮਕੁੰਟ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਫ਼ਤਿਹਗੜ੍ਹ ਪੰਜਤੂਰ ਵਿਖੇ ਪ੍ਰਿੰਸੀਪਲ ਅਮਰਦੀਪ ਸਿੰਘ ਦੀ ਯੋਗ ਅਗਵਾਈ ਹੇਠ ਅਤੇ ਸਮੂਹ ਸਟਾਫ ਦੇ ਸਹਿਯੋਗ ਨਾਲ 136ਵਾ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਗਿਆ, ਇਸ ਸਮੇਂ ਸਵੇਰ ਦੀ ਸ਼ਪੈਸ਼ਲ ਪ੍ਰਾਰਥਨਾ ਸਭਾ ਕਰਵਾਈ ਗਈ ਜਿਸ ਵਿਚ ਬੱਚਿਆਂ ਵਲੋਂ ਮਜ਼ਦੂਰ ਦਿਵਸ ਨਾਲ ਸਬੰਧਤ ਭਾਸ਼ਣ ਦਿੱਤੇ ਗਏ ਤੇ ਇਸ ਤੋਂ ਉਪਰੰਤ ਵਿਦਿਆਰਥੀਆਂ ਨੇ ਮਜ਼ਦੂਰ ਦਿਵਸ ਨਾਲ ਸਬੰਧਤ ਪੋਸਟਰ ਬਣਾਉਣ ਅਤੇ ਸਲੋਗਨ ਲਿਖਣ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿਚ ਬੱਚਿਆਂ ਨੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਭਾਗ ਲਿਆ ਤੇ ਵਿਦਿਆਰਥੀਆਂ ਵੱਲੋਂ ਸਕੂਲ ਦੇ ਬੱਸ ਦੇ ਡਰਾਈਵਰਾਂ , ਕੰਡਕਟਰਾਂ ਅਤੇ ਸਫਾਈ ਕਰਮਚਾਰੀਆਂ ਨੂੰ ਤੋਹਫ਼ੇ ਅਤੇ ਕਾਰਡ ਵੀ ਭੇਟ ਕੀਤੇ ਗਏ, ਇਸ ਮੌਕੇ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸ ਕੁਲਵੰਤ ਸਿੰਘ ਸੰਧੂ ਐੱਮ ਡੀ ਮੈਡਮ ਰਣਜੀਤ ਕੌਰ ਸੰਧੂ ਅਤੇ ਪ੍ਰਿੰਸੀਪਲ ਅਮਰਦੀਪ ਸਿੰਘ ਨੇ ਬੱਚਿਆਂ ਨੂੰ ਮਜ਼ਦੂਰ ਦਿਵਸ ਦੀ ਮਹੱਤਤਾ ਦੱਸਦੇ ਹੋਏ ਕਿਹਾ ਕਿ ਪੂਰੇ ਸੰਸਾਰ ਵਿਚ ਮਜ਼ਦੂਰ ਲੋਕਾਂ ਦਾ 1 ਮਈ ਨੂੰ ਮਜ਼ਦੂਰ ਦਿਵਸ ਦੇ ਤੌਰ ਤੇ ਸਨਮਾਨਤ ਕੀਤਾ ਜਾਂਦਾ ਹੈ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ 1886 ਈਸਵੀ ਵਿੱਚ ਸ਼ਿਕਾਗੋ ਵਿੱਚ ਹੋਈ ਸੀ ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਸੰਬੋਧਨ ਵਿਚ ਇਹ ਵੀ ਕਿਹਾ ਕਿ ਜਿਸ ਤਰ੍ਹਾਂ ਕਿਸੇ ਉਦਯੋਗ ਪਤੀ ਨੂੰ ਆਪਣੇ ਕਾਰੋਬਾਰ ਨੂੰ ਸਫਲ ਬਣਾਉਣ ਲਈ ਉਥੇ ਹਾਜ਼ਰ ਰਹਿਣਾ ਜ਼ਰੂਰੀ ਹੈ ਉਸੇ ਤਰ੍ਹਾਂ ਹੀ ਇਸ ਕਾਰੋਬਾਰ ਦੀ ਦੇਖ ਭਾਲ ਕਰਨਾ ਅਤੇ ਇਸ ਨੂੰ ਅੱਗੇ ਵਧਾਉਣਾ ਮਜ਼ਦੂਰ ਦਾ ਵੀ ਅਹਿਮ ਰੋਲ ਹੁੰਦਾ ਹੈ।ਇਸ ਸਮੇਂ ਸਕੂਲ ਦਾ ਸਮੂਹ ਸਟਾਫ ਤੇ ਬੱਚੇ ਹਾਜ਼ਰ ਸਨ ।

# ਪੰਜਾਬ ਸਰਕਾਰ ਦੀ 24 ਘੰਟੇ ਬਿਜਲੀ ਸਪਲਾਈ ਵਾਲੀ ਪਹਿਲੀ ਗਰੰਟੀ ਨਿਕਲੀ ਫੋਕੀ : ਹਰਜੀਤ ਸਿੰਘ



**ਭੁਲੱਥ/ਧਵਨ**

ਪਿਛਲੇ 3-4 ਦਿਨ ਤੋ ਸੂਬੇ ਵਿੱਚ ਲੱਗ ਰਹੇ ਬਿਜਲੀ ਕੱਟ ਤੋ ਸੂਬੇ ਦੇ ਲੋਕ ਬਹੁਤ ਪ੍ਰੇਸ਼ਾਨ ਹੋ ਚੁੱਕੇ ਹਨ ਅਤੇ ਇਸ ਵੱਧਗੀ ਗਰਮੀ ਨਾਲ ਲੱਗਦੇ ਬਿਜਲੀ ਕੱਟ ਲੋਕਾਂ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਇਸ ਬਾਰੇ ਹਲਕਾ ਭੁਲੱਥ ਤੋ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੈਂਬਰ ਹਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਡੇ-ਵੱਡੇ ਦਾਅਵੇ ਕਰਨ ਦੇ ਬਾਵਜੂਦ ਬਿਜਲੀ ਸਪਲਾਈ ਦੇਣ 'ਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਜਿਕਰ ਕੀਤਾ ਕਿ ਵਿਧਾਨ ਸਭਾ ਚੋਣਾਂ ਸਮੇਂ ਆਮ ਆਦਮੀ ਪਾਰਟੀ ਵੱਲੋਂ ਕਿਹਾ ਗਿਆ ਸੀ ਕਿ ਪਹਿਲੀ ਗਰੰਟੀ ਮੁਫਤ ਤੇ 24 ਘੰਟੇ ਬਿਜਲੀ ਹੋਵੇਗੀ, ਪਰ ਹਕੀਕਤ ਵਿੱਚ ਪਹਿਲੀ ਗਰੰਟੀ ਸਰਕਾਰ ਦੀ ਫੋਕੀ ਨਿਕਲੀ ਹੈ। ਰੋਜਾਨਾਂ ਲੱਗ ਰਹੇ ਬਿਜਲੀ ਦੇ ਲੰਬੇ ਕੱਟ ਨੇ ਲੋਕਾਂ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ ਅਤੇ ਕਈ ਦੁਕਾਨਦਾਰੀਆਂ ਤੇ ਅਸਰ ਪੈ ਰਿਹਾ ਹੈ। ਕਿਹਾ ਕਿ ਪੰਜਾਬ 'ਚ ਬਿਜਲੀ ਸੰਕਟ ਪੈਦਾ ਹੋਣ ਨਾਲ ਖੇਤੀ ਮੋਟਰਾਂ ਦੇ ਫੀਡਰ ਪੂਰੀ ਤਰ੍ਹਾਂ ਬੰਦ ਰਹਿੰਦੇ ਹਨ, ਵੱਡੇ ਪਾਵਰ ਕੱਟ ਲੱਗਣ ਕਾਰਨ ਖੇਤਾਂ 'ਚ ਹਰਾ ਚਾਰਾ, ਸਬਜ਼ੀਆਂ, ਮੱਕੀ, ਕਮਾਦ ਫਸਲਾਂ ਨੂੰ ਪੂਰਾ ਪਾਣੀ ਨਾ ਮਿਲਣ ਕਾਰਨ ਫਸਲਾਂ ਸੁੱਕ ਰਹੀਆਂ ਹਨ। ਹਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਖੇਤੀ ਸੈਕਟਰ ਨੂੰ ਨਿੱਜੀ ਹੱਥਾਂ @ਚ ਦੇਣ ਲਈ ਕੇਂਦਰ ਸਰਕਾਰ ਦੇ ਨਕਸ਼ੇ ਕਦਮਾਂ @ਤੇ ਚੱਲ ਰਹੀ ਹੈ। ਹਰਜੀਤ ਸਿੰਘ ਨੇ ਕਿਹਾ ਕਿ ਸਰਕਾਰ ਦਾ ਕੋਈ ਵਿਕਾਸ ਵਾਲਾ ਰੋਡ ਮੈਪ ਬਣਦਾ ਨਜਰ ਨਹੀ ਆ ਰਿਹਾ ਕਿਹਾ ਕਿ ਮੁਫਤ ਬਿਜਲੀ ਯੂਨਿਟ ਦੇਣ ਦਾ ਡਰਾਮਾ ਖੇਡ ਸਰਕਾਰ ਨੇ ਸਾਰੇ ਵਰਗਾਂ ਦੇ ਲੋਕਾਂ ਵਿੱਚ ਫਿੱਕ ਪਾਉਂਣ ਦੀ ਕੋਸ਼ਿਸ ਕੀਤੀ ਸੀ ਅਤੇ ਪੰਜਾਬ ਦੀ ਭਾਈਚਾਰਕ ਸਾਂਝ ਵਿਗਾੜਣ ਲਈ ਸਰਕਾਰ ਆਉਂਣ ਵਾਲੇ ਸਮੇਂ 'ਚ ਹੋਰ ਕੋਝੀਆਂ ਚਾਲਾ ਚੱਲ ਸਕਦੀ ਹੈ।

# ਦਿੱਲੀ ਕਾਨਵੈਂਟ ਸਕੂਲ ਵਿਖੇ ਬਿਨਾਂ ਅੱਗ ਤੋਂ ਖਾਣਾ ਤਿਆਰ ਕਰਨ ਦੀ ਐਕਟੀਵਿਟੀ ਕਰਵਾਈ ਗਈ




**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ ਸਹੋਤਾ**

ਕਸਬੇ ਦੀ ਨਾਮਵਰ ਵਿੱਦਿਅਕ ਸੰਸਥਾ ਜੋ ਹਰ ਰੋਜ਼ ਸਕੂਲ ਵਿਚ ਨਵੀਂਆਂ ਗਤੀਵਿਧੀਆਂ ਬੱਚਿਆਂ ਨੂੰ ਸਿਖਾਉਂਦੀ ਹੈ ਉਸ ਦੇ ਆਧਾਰ ਤੇ ਹੀ ਅੱਜ ਫੇਰ ਦਿੱਲੀ ਕਾਨਵੈਂਟ ਸਕੂਲ (ਪਿੰਡ ਮੁੰਡੀ ਜਮਾਲ ) ਫਤਿਹਗੜ੍ਹ ਪੰਜਤੂਰ ਵਿਖੇ ਬਿਨਾ ਅੱਗ ਦੇ ਖਾਣਾ ਬਣਾਉਣ ਦੀ ਐਕਟੀਵਿਟੀ ਕਰਵਾਈ ਗਈ । ਇਸ ਐਕਟੀਵਿਟੀ ਵਿਚ ਪਹਿਲੀ ਕਲਾਸ ਤੋਂ ਪੰਜਵੀ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ । ਅਤੇ ਨਾਲ ਹੀ ਕੱਟ ਅਤੇ ਕਾਪੀ ਦੀ ਐਕਟੀਵਿਟੀ ਵੀ ਕਰਵਾਈ ਗਈ , ਇਸ ਐਕਟੀਵਿਟੀ ਵਿਚ ਛੇਵੀਂ ਤੋਂ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਦੌਰਾਨ ਬੱਚਿਆਂ ਨੇ ਖਾਣ-ਪੀਣ ਦੇ ਅਲੱਗ ਅਲੱਗ ਤਰ੍ਹਾਂ ਦੇ ਪਕਵਾਨ ਜੋ ਕੇ ਬਿਨਾਂ ਅੱਗ ਤੋਂ ਬਣਾਏ ਗਏ ਉਨ੍ਹਾਂ ਸਬੰਧੀ ਬੱਚਿਆਂ ਨੂੰ ਵਿਸਥਾਰ ਨਾਲ ਦੱਸਿਆ ਅਤੇ ਨਾਲ ਹੀ ਕੱਟ ਕਾਪੀ ਐਕਟੀਵਿਟੀ ਵਿੱਚ ਬੱਚਿਆਂ ਨੇ ਵੇਸਟ ਮਟੀਰੀਅਲ ਨਾਲ ਅਲੱਗ ਅਲੱਗ ਤਰ੍ਹਾਂ ਦੇ ਮਾਡਲ ਤਿਆਰ ਕੀਤੇ , ਜੋ ਕੇ ਵੇਖਣ ਵਿੱਚ ਬਹੁਤ ਹੀ ਸ਼ਾਨਦਾਰ ਸਨ। ਇਸ ਮੌਕੇ ਸਕੂਲ ਦੇ ਚੇਅਰਮੈਨ ਬਲਜੀਤ ਸਿੰਘ ਭੁੱਲਰ ,ਬਲਵਿੰਦਰ ਸਿੰਘ ਸੰਧੂ ਅਤੇ ਸਕੂਲ ਦੇ ਪ੍ਰਿੰਸੀਪਲ ਵਿਪਨ ਕੁਮਾਰ ਨੇ ਬੱਚਿਆਂ ਨੂੰ ਹੋਰ ਬੱਚਿਆਂ ਦੀ ਰਚਨਾਤਮਕਤਾ ਵੀ ਵੱਧਦੀ ਹੈ।

# 1 ਮਈ ਨੂੰ ਮਲੌਟ ਵਿਖੇ ਇਨਕਲਾਬੀ ਜੋਸ਼ੋ ਖਰੋਸ਼ ਨਾਲ ਕਿਰਤੀ ਦਿਹਾੜਾ ਮਨਾਇਆ ਜਾਵੇਗਾ



**ਮਲੋਟ/ਗਿਆਨ ਸਾਹਨੀ**

1 ਮਈ ਨੂੰ ਜਨਤਕ ਜੱਥੇਬੰਦੀਆਂ ਦਾ ਸਾਂਝਾ ਮੰਚ ਦੀ ਮਲੌਟ ਇਕਾਈ ਵੱਲੋਂ ਕੌਮਾਂਤਰੀ ਕਿਰਤ ਦਿਵਸ ( ਮਈ ਦਿਹਾੜਾ) ਇਨਕਲਾਬੀ ਜੋਸ਼ੋ ਖਰੋਸ਼ ਨਾਲ ਮਨਾਇਆ ਜਾਵੇਗਾ। ਘੋਲ ਤਿੱਖੇ ਕਰਨ ਦਾ ਪ੍ਰਣ ਲੈਂਦਿਆਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਭਾਰੀ ਗਿਣਤੀ ਮਜ਼ਦੂਰ-ਮੁਲਾਜ਼ਮਾਂ, ਵਿਦਿਆਰਥੀ ਜੱਥੇਬੰਦੀਆਂ ਵੱਲੋਂ ਪੁਲ ਹੇਠਾ (ਮਲੌਟ ਵਿਖੇ )ਲਾਲ ਸਾਲਾਮੀ ਦੇ ਕੇ ਸ਼ਿਕਾਗੋ ਦੇ ਰਾਹ ਵਿਖਾਵੇ ਸ਼ਹੀਦਾਂ ਦੇ ਲਾਸਾਨੀ ਤਿਆਗ ਅਤੇ ਘਾਲਣਾਵਾਂ ਨੂੰ ਸਿਜ਼ਦਾ ਕੀਤਾ ਜਾਵੇਗਾ। ਮੋਦੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਅਤੇ ਫਿਰਕੂ-ਫਾਸ਼ੀ, ਫੁੱਟਪਾਊ ਏਜੰਡੇ ਖਿਲਾਫ਼ ਆਪਸ ਵਿਚ ਮਿਲ ਕੇ ਲੜਾਈ ਲੜਣ ਦਾ ਨਿਰਣਾ ਲਿਆ ਗਿਆ। ਸਾਥੀ ਸੱਤਪਾਲ ਮੋਹਲਾ, ਕਾਮਰੇਡ ਰਾਜਿੰਦਰ ,ਸੁਦਰਸ਼ਨ ਜੱਗਾ, ਸੁਖਵਿੰਦਰ ਕੁਮਾਰ, ਮਨੋਹਰ ਲਾਲ ਸ਼ਰਮਾ,ਮਾਸਟਰ ਹਿੰਮਤ ਸਿੰਘ ,ਪਰਮਜੀਤ ਐਸ ਡੀ ਓ ਕੁਲਵੰਤ ਸਿੰਘ, ਜਸਵਿੰਦਰ ਸਿੰਘ ਵਾਲੀਆ, ਲਖਜੀਤ ਸਿੰਘ ਲੱਖਾ ,ਚਰਨਜੀਤ ਸਿੰਘ ਢਿਲੋ ,ਜਗਰਾਜ ਸਿੰਘ , ਗੁਰਚਰਨ ਸਿੰਘ ਬੁੱਟਰ ,ਕਰਨ ,ਲਖਵਿੰਦਰ ਸਿੰਘ ,ਅਮਰਜੀਤ ਸਿੰਘ , ਕਾਮਰੇਡ ਗਿਆਨ ਚੰਦ ਸਾਹਨੀ ਨੇ ਮੌਕੇ ਤੇ ਮੀਟਿੰਗ ਦੇ ਇਕੱਠਾਂ ਨੂੰ ਸੰਬੋਧਨ ਕੀਤਾ।